Title code : CHAMUL00914 | E-mail : Info@paigamejagat.com | ਮੰਗਲਵਾਰ, 10 ਨਵੰਬਰ 2026, ਸਾਲ-4, ਅੰਕ-14, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

PAIGAM-E-JAGAT

ਪੈ.ਗਾਮ-ਏ-ਜਗਤ

ਦੀਵਾਲੀ ਦੀ ਰਾਤ ਦਿੱਲੀ 'ਚ ਸਾਫੇ ਤਿੰਨ ਘੰਟਿਆਂ ਵਿੱਚ ਪ੍ਰਦੂਸ਼ਣ ਦਾ ਪੱਧਰ 261 ਤੋਂ ਵਧ ਕੇ 955 ਹੋਇਆ

ਪਿਛਲੇ 5 ਸਾਲਾਂ ਦਾ ਟੁਟਿਆ ਰਿਕਾਰਡ

ਸੁਪਰੀਮ ਕੋਰਟ ਨੇ 7 ਅਤੇ 8 ਨਵੰਬਰ ਨੂੰ ਸਵੇਰੇ 6:00 ਤੋਂ 7:00 ਵਜੇ ਤੱਕ ਅਤੇ ਰਾਤ 8:00 ਤੋਂ 10:00 ਵਜੇ ਤੱਕ ਸਿਰਫ਼ 'ਗ੍ਰੀਨ' ਪਟਾਕੇ ਚਲਾਉਣ ਦੀ ਦਿੱਤੀ ਸੀ ਇਜਾਜ਼ਤ



ਦੀਵਾਲੀ ਦੀ ਰਾਤ ਦੇਸ਼ ਭਰ ਵਿੱਚ ਅੱਗ ਨਾਲ 23 ਮੌਤਾਂ

ਮੱਧ ਪ੍ਰਦੇਸ਼ ਵਿੱਚ 13 ਜਾਨਾਂ ਗਈਆਂ; ਮਹਾਰਾਸ਼ਟਰ ਵਿੱਚ ਇੱਕੋ ਪਰਿਵਾਰ ਦੇ 6 ਮੈਂਬਰਾਂ ਦੀ ਮੌਤ ਹੋ ਗਈ

ਗੁਰੂਗ੍ਰਾਮ, 9 ਨਵੰਬਰ (ਪੈ.ਗਾਮ-ਏ-ਜਗਤ)

ਦੀਵਾਲੀ ਦੀ ਰਾਤ ਨੂੰ, ਪਟਾਕਿਆਂ ਦੇ ਧੂੰਏਂ ਕਾਰਨ ਗੁਰੂਗ੍ਰਾਮ ਵਿੱਚ ਹਵਾ ਦੀ ਗੁਣਵੱਤਾ ਬਹੁਤ ਜ਼ਿਆਦਾ ਖਰਾਬ ਹੋ ਗਈ। ਸ਼ਹਿਰ ਦੇਰ ਰਾਤ ਤੱਕ ਧੂੰਏਂ ਦੀ ਚਾਦਰ ਵਿੱਚ ਲਿਪਟਿਆ ਰਿਹਾ, ਜਿਸ ਕਾਰਨ ਬਜ਼ੁਰਗਾਂ, ਛੋਟੇ ਬੱਚਿਆਂ ਅਤੇ ਪਹਿਲਾਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਈ। ਦਮੇ (ਅਸਥਮਾ) ਅਤੇ ਸਾਹ ਸੰਬੰਧੀ ਹੋਰ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਸਭ ਤੋਂ ਵੱਧ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਕਈ ਰਿਹਾਇਸ਼ੀ ਸੁਸਾਇਟੀਆਂ ਵਿੱਚ, ਲੋਕਾਂ ਨੇ ਆਪਣੀਆਂ ਖਿੜਕੀਆਂ ਪੂਰੀ ਤਰ੍ਹਾਂ ਬੰਦ ਕਰਕੇ ਰਾਤ ਕੱਟੀ।

ਸਵੇਰ ਤੱਕ ਵੀ ਪੂਰੇ ਸ਼ਹਿਰ ਵਿੱਚ ਪ੍ਰਦੂਸ਼ਣ ਦਾ ਪੱਧਰ ਉੱਚਾ ਬਣਿਆ ਰਿਹਾ। ਵਾਤਾਵਰਣ ਮਾਹਿਰ ਡਾ. ਰਾਮ ਸਿੰਘ ਦਾ ਕਹਿਣਾ ਹੈ ਕਿ ਪਟਾਕਿਆਂ ਤੋਂ ਨਿਕਲਣ ਵਾਲੇ ਜ਼ਹਿਰੀਲੇ ਕਣ ਕਈ ਦਿਨਾਂ ਤੱਕ ਹਵਾ ਵਿੱਚ ਮੌਜੂਦ ਰਹਿ ਸਕਦੇ ਹਨ। ਜਿੱਥੇ ਜੁਲਾਈ 2025 ਵਿੱਚ ਗੁਰੂਗ੍ਰਾਮ ਵਿੱਚ



ਪ੍ਰਦੂਸ਼ਣ ਦਾ ਪੱਧਰ 81 ਏ.ਕਿਊ.ਆਈ. ਦਰਜ ਕੀਤਾ ਗਿਆ ਸੀ, ਉੱਥੇ ਹੀ ਨਵੰਬਰ 2026 ਵਿੱਚ ਦੀਵਾਲੀ ਦੀ ਰਾਤ ਨੂੰ ਇਹ 900 ਤੋਂ ਪਾਰ ਹੋ ਗਿਆ। ਦੀਵਾਲੀ ਦੀ ਪੂਜਾ ਕਰਨ ਤੋਂ ਬਾਅਦ, ਲੋਕਾਂ ਨੇ ਪਟਾਕੇ ਚਲਾਉਣੇ ਸ਼ੁਰੂ ਕਰ ਦਿੱਤੇ। ਸ਼ਾਮ 7:30 ਵਜੇ ਏ.ਕਿਊ.ਆਈ. 261 ਸੀ, ਜੋ ਰਾਤ 8:00 ਵਜੇ ਤੱਕ ਵਧ ਕੇ 303 ਹੋ ਗਿਆ।

ਇਹ ਅੱਗੇ ਵਧਦਾ ਹੋਇਆ ਰਾਤ 8:31 ਵਜੇ 374, 9:01 ਵਜੇ 464 ਅਤੇ 9:31 ਵਜੇ 608 ਤੱਕ ਪਹੁੰਚ ਗਿਆ, ਅਤੇ ਅੰਤ ਵਿੱਚ ਰਾਤ 11:01 ਵਜੇ 955 ਏ.ਕਿਊ.ਆਈ. ਦੇ ਸਿਖਰ 'ਤੇ ਪਹੁੰਚ ਗਿਆ। ਅਸਲ ਵਿੱਚ, ਲਗਾਤਾਰ ਅਤੇ ਜ਼ੋਰਦਾਰ ਢੰਗ ਨਾਲ ਪਟਾਕੇ ਚਲਾਉਣ ਕਾਰਨ ਪ੍ਰਦੂਸ਼ਣ ਦਾ ਪੱਧਰ ਇੱਕ ਖ਼ਤਰਨਾਕ ਅਤੇ ਜਾਨਲੇਵਾ ਹੱਦ ਤੱਕ ਪਹੁੰਚ ਗਿਆ। ਸੋਮਵਾਰ ਸਵੇਰੇ 7:01 ਵਜੇ ਤੱਕ, ਪ੍ਰਦੂਸ਼ਣ ਦਾ ਪੱਧਰ ਘਟ ਕੇ 400 ਏ.ਕਿਊ.ਆਈ. ਰਹਿ ਗਿਆ ਸੀ। ਸੁਪਰੀਮ ਕੋਰਟ ਨੇ ਦੀਵਾਲੀ ਦੌਰਾਨ ਪਟਾਕੇ ਚਲਾਉਣ ਲਈ ਕੁਝ ਖਾਸ ਦਿਨ ਅਤੇ ਸਮਾਂ-ਸੀਮਾਵਾਂ ਤੈਅ ਕੀਤੀਆਂ ਸਨ—ਜਿਸ ਤਹਿਤ 7 ਅਤੇ 8 ਨਵੰਬਰ ਨੂੰ ਸਵੇਰੇ 6:00 ਤੋਂ 7:00 ਵਜੇ ਤੱਕ ਅਤੇ ਰਾਤ 8:00 ਤੋਂ 10:00 ਵਜੇ ਤੱਕ ਸਿਰਫ਼ 'ਗ੍ਰੀਨ' (ਵਾਤਾਵਰਣ-ਅਨੁਕੂਲ) ਪਟਾਕੇ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਹਾਲਾਂਕਿ, ਬਹੁਤ ਸਾਰੇ ਲੋਕਾਂ ਨੇ ਪਹਿਲਾਂ ਹੀ ਗੋਦਾਮਾਂ ਤੋਂ ਪਟਾਕੇ ਖਰੀਦਣੇ ਸ਼ੁਰੂ ਕਰ ਦਿੱਤੇ ਸਨ।

ਦੂਜੇ ਸ਼ਬਦਾਂ ਵਿੱਚ, ਸਿਰਫ਼ 'ਗ੍ਰੀਨ' (ਵਾਤਾਵਰਣ-ਅਨੁਕੂਲ) ਪਟਾਕੇ ਹੀ ਨਹੀਂ, ਸਗੋਂ ਰਵਾਇਤੀ ਪਟਾਕੇ ਵੀ ਪਹਿਲਾਂ ਹੀ ਵਿਕ ਚੁੱਕੇ ਸਨ ਅਤੇ ਵੱਡੇ ਪੱਧਰ 'ਤੇ ਵਰਤੇ ਗਏ। ਲੋਕਾਂ ਨੇ ਦੀਵਾਲੀ ਦੀ ਪੂਰੀ ਰਾਤ ਪਟਾਕੇ ਚਲਾਏ। 'ਨਵੇਂ' ਅਤੇ 'ਪੁਰਾਣੇ' ਗੁਰੂਗ੍ਰਾਮ, ਦੋਵਾਂ ਇਲਾਕਿਆਂ ਵਿੱਚ ਲੋਕਾਂ ਨੇ

(ਬਾਕੀ ਸਫ਼ਾ 2 'ਤੇ)

ਦਿੱਲੀ ਵਿੱਚ ਦੀਵਾਲੀ 'ਤੇ ਫਾਇਰ ਵਿਭਾਗ ਦੀ 257 ਵਾਰ ਖੜਕੀ 'ਘੰਟੀ'

ਨਵੀਂ ਦਿੱਲੀ, 9 ਨਵੰਬਰ (ਪੈ.ਗਾਮ-ਏ-ਜਗਤ)

ਦਿੱਲੀ ਫਾਇਰ ਸਰਵਿਸਿਜ਼ ਨੂੰ ਇਸ ਸਾਲ ਦੀਵਾਲੀ 'ਤੇ 257 ਐਮਰਜੈਂਸੀ ਕਾਲਾਂ ਪ੍ਰਾਪਤ ਹੋਈਆਂ। ਅੰਕੜੇ ਦੱਸਦੇ ਹਨ ਕਿ ਸ਼ਾਮ ਵੇਲੇ ਅੱਗ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਤੇਜ਼ੀ ਆਈ। ਸਵੇਰੇ 7 ਤੋਂ ਦੁਪਹਿਰ 2 ਵਜੇ ਤੱਕ



36 ਕਾਲਾਂ ਮਿਲੀਆਂ। ਇਸ ਤੋਂ ਬਾਅਦ ਸ਼ਾਮ 6 ਤੋਂ 8 ਵਜੇ ਤੱਕ 32 ਕਾਲਾਂ ਆਈਆਂ ਉਥੇ ਹੀ ਰਾਤ 8 ਤੋਂ 10 ਵਜੇ ਦੇ ਵਿਚਕਾਰ ਸਭ ਤੋਂ ਵੱਧ 85 ਕਾਲਾਂ ਮਿਲੀਆਂ, ਜਿਨ੍ਹਾਂ ਵਿੱਚ 8 ਆਤਿਸ਼ਬਾਜ਼ੀ ਨਾਲ ਸਬੰਧਤ ਸਨ। ਇਸ ਤੋਂ ਬਾਅਦ ਰਾਤ 10 ਵਜੇ ਤੋਂ ਅੱਧੀ ਰਾਤ ਤੱਕ 61 ਕਾਲਾਂ ਆਈਆਂ। ਜਦਕਿ ਅੱਧੀ ਰਾਤ ਤੋਂ ਅਗਲੀ ਸਵੇਰ 7 ਵਜੇ ਤੱਕ 16 ਕਾਲਾਂ ਪ੍ਰਾਪਤ ਹੋਈਆਂ। ਤਿਉਹਾਰ ਦੌਰਾਨ ਵੱਡੀਆਂ ਘਟਨਾਵਾਂ ਵਿੱਚ ਨਾਂਗਲੀ ਸਕਰਾਵਤੀ ਵਿਖੇ ਸ਼ਾਮ 5:25 ਵਜੇ ਅਤੇ ਨਰੇਲਾ ਇੰਡਸਟਰੀਅਲ ਏਰੀਆ ਵਿਖੇ ਰਾਤ 8:50 ਵਜੇ ਫੈਕਟਰੀਆਂ ਵਿੱਚ ਲੱਗੀ ਅੱਗ ਸ਼ਾਮਲ ਹੈ। ਇਸ ਤੋਂ ਇਲਾਵਾ ਸਫਦਰਜੰਗ ਫਲਾਈਓਵਰ ਹੇਠਾਂ ਅੰਨ ਡੀ ਐੱਮ ਸੀ ਗੋਦਾਮ, ਪੁਰ ਕਲਾਂ ਦੇ ਬੈਂਕੁਏਟ ਹਾਲ, ਆਈਪੀ ਐਕਸਟੈਂਸ਼ਨ ਦੇ ਘਰ, ਕਰਾਵਲ ਨਗਰ ਦੇ ਨਿਊ ਕ੍ਰਿਸ਼ਨਾ ਸਕੂਲ ਅਤੇ ਸ਼ਾਹਦਰਾ ਦੀ ਇੱਕ ਦੁਕਾਨ ਵਿੱਚ ਅੱਗ ਲੱਗਣ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ। ਰਿਪੋਰਟ ਵਿੱਚ ਜਾਨਵਰਾਂ ਨੂੰ ਬਚਾਉਣ ਦੀਆਂ 17, ਪੰਛੀਆਂ ਦੀਆਂ 7 ਅਤੇ ਮਨੁੱਖਾਂ ਨੂੰ ਬਚਾਉਣ ਦੀਆਂ 5 ਕਾਲਾਂ ਸਮੇਤ ਇਮਾਰਤ ਡਿੱਗਣ ਅਤੇ ਸੜਕ ਹਾਦਸੇ ਦੀ

(ਬਾਕੀ ਸਫ਼ਾ 2 'ਤੇ)

ਮੱਧ ਪ੍ਰਦੇਸ਼: ਦੀਵਾਲੀ ਦੀ ਰਾਤ ਅੱਗ ਲੱਗਣ ਦੀਆਂ ਦੋ ਘਟਨਾਵਾਂ

ਦੋ ਪਰਿਵਾਰਾਂ ਦੇ 12 ਲੋਕ ਸੜ ਕੇ ਮਰੇ

ਭੋਪਾਲ, 9 ਨਵੰਬਰ (ਪੈ.ਗਾਮ-ਏ-ਜਗਤ)

ਮੱਧ ਪ੍ਰਦੇਸ਼ ਦੇ ਕਟਨੀ ਜ਼ਿਲ੍ਹੇ ਵਿੱਚ ਐਤਵਾਰ ਦੇਰ ਰਾਤ ਇੱਕ ਤਿੰਨ ਮੰਜ਼ਿਲਾ ਇਮਾਰਤ ਵਿੱਚ ਸਥਿਤ ਬਰਤਨਾਂ ਦੀ ਦੁਕਾਨ ਵਿੱਚ ਅੱਗ ਲੱਗ ਗਈ, ਜਿਸ ਕਾਰਨ ਅੱਗ ਦੀਆਂ ਲਪਟਾਂ ਉੱਚੀਆਂ ਉੱਠਣ ਲੱਗੀਆਂ। ਇਸ ਘਟਨਾ ਵਿੱਚ ਇੱਕੋ ਪਰਿਵਾਰ ਦੇ ਛੇ ਮੈਂਬਰਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਮੱਧ ਪ੍ਰਦੇਸ਼ ਵਿੱਚ ਦੀਵਾਲੀ ਦੀ ਰਾਤ ਅੱਗ ਲੱਗਣ ਦੀਆਂ ਦੋ ਵੱਖ-ਵੱਖ ਘਟਨਾਵਾਂ ਵਿੱਚ ਕੁੱਲ 12 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ। ਮੁੱਖ ਮੰਤਰੀ ਮੋਹਨ ਯਾਦਵ ਨੇ ਮੌਤਾਂ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ।

ਪਹਿਲੀ ਘਟਨਾ ਸੋਮਵਾਰ ਤੜਕੇ ਸਿਓਨੀ ਜ਼ਿਲ੍ਹੇ ਦੇ ਛਪਾਰਾ ਕਸਬੇ ਦੇ ਮਹਾਵੀਰ ਵਾਰਡ ਵਿੱਚ ਵਾਪਰੀ, ਜਿੱਥੇ



ਇੱਕ ਸੁਨਿਆਰੇ ਦੇ ਤਿੰਨ ਮੰਜ਼ਿਲਾ ਘਰ ਵਿੱਚ ਅੱਗ ਲੱਗਣ ਕਾਰਨ ਪਰਿਵਾਰ ਦੇ ਛੇ ਮੈਂਬਰਾਂ ਦੀ ਮੌਤ ਹੋ ਗਈ, ਜਦਕਿ ਚਾਰ ਹੋਰ ਜ਼ਖ਼ਮੀ ਹੋ ਗਏ।

ਪੁਲਿਸ ਨੇ ਦੱਸਿਆ ਕਿ ਅੱਗ ਦੀਵਾਲੀ ਤੋਂ ਅਗਲੀ ਸਵੇਰ, ਸਵੇਰੇ 4:00 ਵਜੇ ਤੋਂ 4:30 ਵਜੇ ਦੇ ਵਿਚਕਾਰ, ਜੈਨ ਮੰਦਰ ਦੇ ਨੇੜੇ ਰਹਿਣ ਵਾਲੇ ਕੁੰਦਨ ਲਾਲ ਸੋਨੀ ਨਾਮਕ ਸੁਨਿਆਰੇ ਦੇ ਘਰ ਲੱਗੀ। ਘਟਨਾ ਸਥਾਨ ਤੋਂ ਫੋਨ 'ਤੇ ਗੱਲ ਕਰਦਿਆਂ, ਸਬ-ਡਿਵੀਜ਼ਨਲ ਪੁਲਿਸ ਅਫ਼ਸਰ ਅਪੂਰਵਾ ਭਲਾਵੀ ਨੇ ਪੀਟੀਆਈ ਨੂੰ ਦੱਸਿਆ ਕਿ ਜਦੋਂ ਅੱਗ ਲੱਗੀ ਤਾਂ ਘਰ ਦੇ ਅੰਦਰ ਪਰਿਵਾਰ ਦੇ 10 ਮੈਂਬਰ ਮੌਜੂਦ ਸਨ; ਇਨ੍ਹਾਂ ਵਿੱਚੋਂ ਛੇ ਦੀ ਮੌਤ ਹੋ ਗਈ, ਜਦਕਿ ਚਾਰ ਨੂੰ ਜ਼ਖ਼ਮੀ ਹਾਲਤ ਵਿੱਚ ਬਚਾ ਲਿਆ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਅਤੇ ਬਚਾਅ ਟੀਮਾਂ ਨੇ ਅੰਤ ਵਿੱਚ ਅੱਗ 'ਤੇ ਕਾਬੂ ਪਾ ਲਿਆ। ਪੁਲਿਸ

(ਬਾਕੀ ਸਫ਼ਾ 2 'ਤੇ)

ਦੀਵਾਲੀ 'ਤੇ ਪਟਾਕੇ ਚਲਾਉਂਦਿਆ 14 ਸਾਲਾ ਮਾਸੂਮ ਦੀ ਮੌਤ

ਗੁਰੂਸਰ ਸੁਧਾਰ, 9 ਨਵੰਬਰ (ਪੈ.ਗਾਮ-ਏ-ਜਗਤ)

ਲੁਧਿਆਣਾ-ਬਠਿੰਡਾ ਰਾਜ ਮਾਰਗ ਉੱਪਰ ਸਥਿਤ ਨਵੀਂ ਆਬਾਦੀ ਅਕਾਲਗੜ੍ਹ ਵਿੱਚ ਦੀਵਾਲੀ ਮੌਕੇ ਇੱਕ ਵੱਡੇ ਪਟਾਕੇ ਦੀ ਲਪੇਟ ਵਿੱਚ ਆ ਕੇ 14 ਸਾਲਾ ਸਾਕਿਤ ਮਿੱਤਲ (ਗਗਨ) ਦੀ ਮੌਤ ਹੋ ਗਈ। ਮ੍ਰਿਤਕ ਸਥਾਨਕ ਕਾਰੋਬਾਰੀ ਸੁਰੇਸ਼ ਕੁਮਾਰ ਮਿੱਤਲ ਦਾ ਪੋਤਰਾ ਸੀ। ਇਸ ਭਿਆਨਕ ਹਾਦਸੇ ਕਾਰਨ ਪਰਿਵਾਰ ਸਮੇਤ ਇਲਾਕੇ ਵਿੱਚ ਸੋਗ ਛਾ ਗਿਆ। ਜਾਣਕਾਰੀ ਮੁਤਾਬਕ, ਸੁਰੇਸ਼ ਕੁਮਾਰ ਮਿੱਤਲ ਦਾ ਪਰਿਵਾਰ ਦੀਵਾਲੀ ਦੀ ਪੂਜਾ ਲਈ ਉਨ੍ਹਾਂ ਦੇ ਵੱਡੇ ਭਰਾ ਰਾਜ ਕੁਮਾਰ ਮਿੱਤਲ ਦੇ ਨਵੇਂ ਘਰ ਗਿਆ ਹੋਇਆ ਸੀ। ਜਸ਼ਨ ਦੌਰਾਨ ਸਾਕਿਤ ਨੇ ਇੱਕ ਵੱਡਾ ਪਟਾਕਾ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਚੱਲਿਆ।



ਕੁਝ ਸਮੇਂ ਬਾਅਦ ਜਦੋਂ ਉਹ ਦੂਜਾ ਪਟਾਕਾ ਚਲਾਉਣ ਲੱਗਾ ਤਾਂ ਪਹਿਲਾਂ ਵਾਲਾ ਪਟਾਕਾ ਅਚਾਨਕ ਧਮਾਕੇ ਨਾਲ ਫਟ ਗਿਆ। ਸਾਕਿਤ ਉਸ ਸਮੇਂ ਪਟਾਕੇ ਨੇੜੇ ਝੁਕਿਆ ਹੋਇਆ ਸੀ, ਜਿਸ ਕਾਰਨ ਉਸ ਦੀ ਗਰਦਨ 'ਤੇ ਗੰਭੀਰ ਸੱਟ ਲੱਗ ਗਈ। ਪਰਿਵਾਰਕ ਮੈਂਬਰ ਉਸ ਨੂੰ ਇੱਥੋਂ ਦੇ ਇੱਕ ਨਿੱਜੀ ਹਸਪਤਾਲ ਲੈ ਕੇ ਗਏ, ਜਿੱਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। 14 ਸਾਲਾ ਸਾਕਿਤ, ਪ੍ਰਦੀਪ ਮਿੱਤਲ ਦਾ

(ਬਾਕੀ ਸਫ਼ਾ 2 'ਤੇ)

ਹਿਸਾਰ ਤੋਂ ਹਰਿਦੁਆਰ ਗੰਗਾ ਇਸ਼ਨਾਨ ਲਈ ਜਾ ਰਹੇ ਛੇ ਦੋਸਤਾਂ ਦੀ ਕਾਰ ਵਿੱਚ ਸੜਨ ਨਾਲ ਮੌਤ

- **ਮੁਜ਼ੱਫਰਨਗਰ ਵਿੱਚ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਕਾਰ ਨੂੰ ਲੱਗੀ ਅੱਗ**



ਹਿਸਾਰ, 9 ਨਵੰਬਰ (ਪੈ.ਗਾਮ-ਏ-ਜਗਤ)

ਸੋਮਵਾਰ ਸਵੇਰੇ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿੱਚ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੇ ਛੇ ਨੌਜਵਾਨ ਜ਼ਿੰਦਾ ਸੜ ਗਏ। ਪਾਨੀਪਤ-ਖਟੀਮਾ ਨੈਸ਼ਨਲ ਹਾਈਵੇਅ 'ਤੇ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਉਨ੍ਹਾਂ ਦੀ ਕਾਰ ਨੂੰ ਅੱਗ ਲੱਗ ਗਈ। ਇਹ ਹਾਦਸਾ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ 25 ਕਿਲੋਮੀਟਰ ਦੂਰ ਵਾਪਰਿਆ। ਇਹ ਨੌਜਵਾਨ ਸੋਮਵਤੀ ਅਮਾਵਸਿਆ ਦੇ ਮੌਕੇ 'ਤੇ ਗੰਗਾ ਵਿੱਚ ਪਵਿੱਤਰ ਇਸ਼ਨਾਨ ਕਰਨ ਲਈ ਹਰਿਦੁਆਰ ਜਾ ਰਹੇ ਸਨ।

ਮ੍ਰਿਤਕਾਂ ਦੀ ਪਛਾਣ ਸਾਹਿਲ (20), ਅਮਨ (21), ਅਜੈ (21), ਅੰਕਿਤ (21), ਇੱਕ ਹੋਰ ਅੰਕਿਤ (21) ਅਤੇ ਰਾਹੁਲ (23) ਵਜੋਂ ਹੋਈ ਹੈ। ਇਨ੍ਹਾਂ ਵਿੱਚੋਂ ਚਾਰ ਨੌਜਵਾਨ ਹਿਸਾਰ ਜ਼ਿਲ੍ਹੇ ਦੇ ਪਿੰਡ ਰਾਖੀਗੜ੍ਹੀ ਦੇ ਸਨ, ਜਦਕਿ ਦੋ ਪਿੰਡ ਮੋਠ ਰੰਗੜਾਨ ਦੇ ਸਨ। ਮ੍ਰਿਤਕਾਂ ਵਿੱਚੋਂ ਅੰਕਿਤ ਅਤੇ ਰਾਹੁਲ ਭਰਾ ਸਨ। ਅਮਨ, ਅਜੈ ਅਤੇ ਅੰਕਿਤ ਨਾਮ ਦੇ ਨੌਜਵਾਨਾਂ ਵਿੱਚੋਂ ਇੱਕ ਵਿਦਿਆਰਥੀ ਸਨ, ਜਦਕਿ ਬਾਕੀ ਤਿੰਨ ਆਪਣਾ ਨਿੱਜੀ ਕੰਮ-ਕਾਜ ਕਰਦੇ ਸਨ। ਇਸ ਹਾਦਸੇ ਦੀ ਖ਼ਬਰ ਨਾਲ ਦੋਵਾਂ ਪਿੰਡਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਨੌਜਵਾਨ ਦੀਵਾਲੀ ਦੇ ਜਸ਼ਨਾਂ ਤੋਂ ਬਾਅਦ, ਸੋਮਵਾਰ ਅੱਧੀ ਰਾਤ ਦੇ ਕਰੀਬ ਹਰਿਦੁਆਰ ਲਈ ਰਵਾਨਾ ਹੋਏ ਸਨ। ਉਨ੍ਹਾਂ ਨੇ ਇਸ ਯਾਤਰਾ ਬਾਰੇ ਆਪਣੇ ਪਰਿਵਾਰਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਸੀ। ਹਾਦਸੇ ਦੀ ਖ਼ਬਰ ਮਿਲਣ 'ਤੇ ਪਰਿਵਾਰਕ ਮੈਂਬਰ ਉੱਤਰ ਪ੍ਰਦੇਸ਼ ਪਹੁੰਚੇ ਅਤੇ ਮ੍ਰਿਤਕ ਦੇਹਾਂ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ।

ਲੁਧਿਆਣਾ 'ਚ ਇੱਕੋ ਰਾਤ 'ਚ ਫੂਕੇ ਗਏ 45 ਕਰੋੜ ਤੋਂ ਵੱਧ ਦੇ ਪਟਾਕੇ

ਲੁਧਿਆਣਾ, 9 ਨਵੰਬਰ (ਪੈ.ਗਾਮ-ਏ-ਜਗਤ)

ਵਿਗੜ ਰਹੇ ਵਾਤਾਵਰਣ, ਵਧਦੇ ਪ੍ਰਦੂਸ਼ਣ ਅਤੇ ਸਿਹਤ ਦੀਆਂ ਸਮੱਸਿਆਵਾਂ ਦੀ ਪ੍ਰਵਾਹ ਕੀਤੇ ਬਿਨਾਂ, ਉਦਯੋਗਿਕ ਸ਼ਹਿਰ ਲੁਧਿਆਣਾ ਦੇ ਵਸਨੀਕਾਂ ਨੇ ਦੀਵਾਲੀ ਵਾਲੀ ਰਾਤ 45 ਕਰੋੜ ਰੁਪਏ ਤੋਂ ਵੱਧ ਦੇ ਪਟਾਕੇ ਫੂਕ ਦਿੱਤੇ। ਇੱਥੋਂ ਦੀ ਹੋਲਸੇਲ ਕਰੈਕਰ ਡੀਲਰ ਐਸੋਸੀਏਸ਼ਨ ਅਨੁਸਾਰ



ਦਾਣਾ ਮੰਡੀ ਵਿੱਚ ਲਗਪਗ 20 ਕਰੋੜ ਰੁਪਏ ਦੇ ਪਟਾਕੇ ਵੇਚੇ ਗਏ, ਜਦੋਂ ਕਿ ਜ਼ਿਲ੍ਹੇ ਭਰ ਦੇ ਪ੍ਰਚੂਨ ਵਿਕਰੇਤਾਵਾਂ ਨੇ ਵੀ ਲਗਪਗ 20 ਤੋਂ 25 ਕਰੋੜ ਰੁਪਏ ਦਾ ਕਾਰੋਬਾਰ ਕੀਤਾ। ਲੁਧਿਆਣਾ ਕਰੈਕਰ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਕਾਰੋਬਾਰ ਬਹੁਤ ਵਧੀਆ ਰਿਹਾ ਅਤੇ ਲੁਧਿਆਣਾ ਜ਼ਿਲ੍ਹੇ ਵਿੱਚ

(ਬਾਕੀ ਸਫ਼ਾ 2 'ਤੇ)

ਜਲੰਧਰ 'ਚ ਦੀਵਾਲੀ 'ਤੇ 30 ਕਰੋੜ ਦੇ ਪਟਾਕੇ ਫੂਕੇ; ਏਕਿਊਆਈ 300 ਤੋਂ ਪਾਰ

ਜਲੰਧਰ, 9 ਨਵੰਬਰ (ਪੈ.ਗਾਮ-ਏ-ਜਗਤ)

*ਜਲੰਧਰ ਵਿੱਚ ਦੀਵਾਲੀ ਦੀ ਰਾਤ ਨੂੰ ਦੇਰ ਰਾਤ (ਤੜਕੇ) ਤੱਕ ਜੰਮ ਕੇ ਪਟਾਕੇ ਚਲਾਏ ਗਏ, ਜਿਸ ਨਾਲ 30 ਕਰੋੜ ਰੁਪਏ ਤੋਂ ਵੱਧ ਦੇ ਪਟਾਕੇ ਧੂੰਏਂ ਵਿੱਚ ਉੱਡ ਗਏ। ਇਸ ਨਾਲ ਸ਼ਹਿਰ ਵਿੱਚ ਹਵਾ ਦੀ ਗੁਣਵੱਤਾ ਬਹੁਤ ਖ਼ਰਾਬ ਹੋ ਗਈ। ਲੋਕਾਂ ਨੇ ਰਾਤ 8 ਵਜੇ ਤੋਂ 10 ਵਜੇ ਤੱਕ ਪਟਾਕੇ ਚਲਾਉਣ ਸਬੰਧੀ ਸੁਪਰੀਮ ਕੋਰਟ ਦੀ ਪਾਬੰਦੀ ਦੇ ਹੁਕਮਾਂ ਦੀ ਸ਼ਰੇਆਮ ਉਲੰਘਣਾ ਕੀਤੀ। ਵਪਾਰੀਆਂ ਅਨੁਸਾਰ ਪਟਾਕੇ ਸਿਰਫ਼ ਦੀਵਾਲੀ ਵਾਲੇ ਦਿਨ ਹੀ ਨਹੀਂ, ਸਗੋਂ ਉਸ ਤੋਂ ਬਾਅਦ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਵੱਲੋਂ ਕੀਤੀ ਗਈ ਵਿਸ਼ਵਕਰਮਾ ਪੂਜਾ ਮੌਕੇ ਵੀ

ਆਓ ਸਭ ਮਿਲ ਕੇ ਪੰਜਾਬ ਨੂੰ ਸੱਭਿਅਕ ਅਤੇ ਸ਼ਾਨਦਾਰ ਸੂਬੇ ਵਜੋਂ ਫਿਰ ਤੋਂ ਘੜਨ ਦਾ ਕੰਮ ਕਰੀਏ : ਨਾਇਬ ਸੈਣੀ

ਚੰਡੀਗੜ੍ਹ, 9 ਨਵੰਬਰ (ਪੈਗਾਮ-ਏ-ਜਗਤ)

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਆਓ ਸਭ ਮਿਲ ਕੇ ਪੰਜਾਬ ਨੂੰ ਨਸ਼ਾਮੁਕਤ ਕਰੀਏ ਅਤੇ ਇੱਕ ਕੁਸ਼ਲ ਕਾਰੀਗਰ ਦੀ ਤਰ੍ਹਾਂ ਇਸ ਨੂੰ ਸੱਭਿਅਕ ਅਤੇ ਸ਼ਾਨਦਾਰ ਸੂਬੇ ਵਜੋਂ ਫਿਰ ਤੋਂ ਘੜਨ ਦਾ ਕੰਮ ਕਰੀਏ। ਸੈਣੀ ਅੱਜ ਪੰਜਾਬ ਦੇ ਫਗਵਾੜਾ ਵਿੱਚ ਸ਼੍ਰੀ ਵਿਸ਼ਵਕਰਮਾ ਪੂਜਾ ਮਹੋਤਸਵ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਸੰਸਦ ਮੈਂਬਰ ਸ਼੍ਰੀ ਅਸ਼ੋਕ ਮਿੱਤਲ, ਸਾਬਕਾ ਕੇਂਦਰੀ ਮੰਤਰੀ ਸ਼੍ਰੀ ਵਿਜੇ ਸਾਂਪਲਾ ਅਤੇ ਸੋਮਪ੍ਰਕਾਸ਼ ਤੋਂ ਇਲਾਵਾ ਸ਼੍ਰੋਮਣੀ ਸ਼੍ਰੀ ਵਿਸ਼ਵਕਰਮਾ ਮੰਦਿਰ ਕਮੇਟੀ ਦੇ ਪ੍ਰਧਾਨ ਸ਼੍ਰੀ ਪ੍ਰਦੀਪ ਧੀਮਾਨ, ਉਪ ਪ੍ਰਧਾਨ ਸ਼੍ਰੀ ਸੁਰਿੰਦਰ ਧੀਮਾਨ ਅਤੇ ਗੁਰਮੁੱਖ ਸਿੰਘ ਨਾਮਧਾਰੀ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 116 ਸਾਲ ਪੁਰਾਣੇ ਇਤਿਹਾਸਕ ਮੰਦਿਰ ਵਿੱਚ ਭਗਵਾਨ ਸ਼੍ਰੀ ਵਿਸ਼ਵਕਰਮਾ ਦੇ ਚਰਨਾਂ ਵਿੱਚ ਸੀਸ ਨਿਵਾ ਕੇ ਗੋਵਰਧਨ ਪੂਜਾ ਅਤੇ ਭਗਵਾਨ ਵਿਸ਼ਵਕਰਮਾ ਪੂਜਾ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਗੋਵਰਧਨ ਪਰਬਤ ਚੁੱਕ ਕੇ ਸਮਾਜ ਦੀ ਰੱਖਿਆ ਕੀਤੀ, ਅਤੇ ਭਗਵਾਨ ਵਿਸ਼ਵਕਰਮਾ ਨੇ ਦੁਆਰਕਾ ਵਸਾ ਕੇ ਉਸੇ ਸਮਾਜ ਨੂੰ ਘਰ ਦਿੱਤਾ। ਇੱਕ ਨੇ ਰੱਖਿਆ ਕੀਤੀ, ਦੂਜੇ ਨੇ ਰਚਨਾ ਕੀਤੀ ਅਤੇ ਰੱਖਿਆ ਤੇ ਰਚਨਾ, ਇਹੀ ਭਾਰਤ ਦੀ ਸੰਸਕ੍ਰਿਤੀ ਹੈ। ਉਨ੍ਹਾਂ ਮੰਦਿਰ ਕਮੇਟੀ ਵੱਲੋਂ ਕਰਵਾਏ ਜਾ ਰਹੇ ਭਲਾਈ ਕੰਮਾਂ ਦੀ ਸ਼ਲਾਘਾ ਕੀਤੀ। ਸੈਣੀ ਨੇ ਸਿਹਤ ਦੇ ਖੇਤਰ ਵਿੱਚ ਹਰਿਆਣਾ ਸਰਕਾਰ ਵੱਲੋਂ ਸੂਬੇ ਵਿੱਚ ਕੀਤੇ ਗਏ ਸੁਧਾਰਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਅਤੇ ਦੱਸਿਆ ਕਿ ਪੂਰੇ ਪ੍ਰਦੇਸ਼ ਵਿੱਚ ਜਿੱਥੇ ਗ਼ਰੀਬ ਮਰੀਜ਼ਾਂ ਦਾ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਡਾਇਲਿਸਿਸ ਕਰਵਾਇਆ ਜਾ ਰਿਹਾ ਹੈ।

ਸਿਆਸੀ ਲੀਡਰਾਂ ਦੇ ਪੋਸਟਰਾਂ ਦੀ ਨ੍ਹੇਰੀ 'ਚ ਉੱਡਿਆ ਮੌੜ ਦਾ ਵਿਕਾਸ

ਪੈ.ਗਾਮ ਏ ਜਗਤ, 9 ਨਵੰਬਰ
ਮੌੜ ਮੰਡੀ (ਚਮਕੌਰ ਸਿੰਘ ਕੈਰਵੇ)

ਪਿਛਲੇ ਲਗਪਗ ਦਸ ਸਾਲਾਂ ਤੋਂ ਮੌੜ ਵਿਕਾਸ ਨੂੰ ਤਰਸ ਰਿਹਾ ਹੈ। ਸਥਾਨਕ ਲੋਕਾਂ ਅਨੁਸਾਰ, ਜੋ ਵੀ ਵਿਧਾਇਕ ਬਣਿਆ, ਉਸਨੇ ਕਦੇ ਵੀ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸਮਝਣ ਅਤੇ ਉਨ੍ਹਾਂ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਨਹੀਂ ਕੀਤੀ।

ਇਸੇ ਦੌਰਾਨ ਅੱਜ ਮੌੜ ਮੰਡੀ ਵਿਚ ਸਿਆਸੀ ਲੀਡਰਾਂ ਦੇ ਪੋਸਟਰਾਂ ਅਤੇ ਫਲੈਕਸਾਂ ਨੂੰ ਲੈ ਕੇ ਨਵੀਂ ਚਰਚਾ ਛਿੜੀ ਹੋਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਰ ਲੀਡਰ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਵਿਚ ਮੌੜ ਮੰਡੀ ਦੀਆਂ ਸੜਕਾਂ ਦੇ ਕਿਨਾਰਿਆਂ ਅਤੇ ਕੰਧਾਂ ਨੂੰ ਫਲੈਕਸਾਂ ਤੇ ਪੋਸਟਰਾਂ ਨਾਲ ਭਰ ਰਿਹਾ ਹੈ।

ਖਾਲਸਾ ਹਾਈ ਸਕੂਲ ਦੇ ਗਰਾਊਂਡ ਦੀ ਕੰਧ ਹੋਵੇ ਜਾਂ ਸੜਕਾਂ ਦੇ ਕਿਨਾਰੇ, ਹਰ ਪਾਸੇ ਸਿਰਫ਼ ਫਲੈਕਸ ਅਤੇ ਪੋਸਟਰ ਹੀ ਦਿਖਾਈ ਦਿੰਦੇ ਹਨ। ਇੱਥੋਂ ਤੱਕ ਕਿ ਨਗਰ ਕੌਂਸਲ ਮੌੜ ਵੱਲੋਂ ਕੂੜੇ ਅਤੇ ਸਫ਼ਾਈ ਸਬੰਧੀ ਜਾਗਰੂਕਤਾ ਫੈਲਾਉਣ ਲਈ ਲਿਖੇ ਗਏ ਸੁਨੇਹਿਆਂ ਉੱਤੇ ਵੀ ਸਿਆਸੀ ਲੀਡਰਾਂ ਨੇ ਆਪਣੇ ਪੋਸਟਰ ਲਗਾ ਦਿੱਤੇ ਹਨ।

ਖਾਲਸਾ ਹਾਈ ਸਕੂਲ ਦੇ ਮੁੱਖ ਗੇਟ ਦੇ ਬਾਹਰ ਦੀ ਸਥਿਤੀ ਵੀ ਚਿੰਤਾਜਨਕ ਹੈ। ਇਸ ਗੇਟ ਰਾਹੀਂ ਵਿਦਿਆਰਥੀ ਸਕੂਲ ਆਉਂਦੇ-ਜਾਂਦੇ ਹਨ, ਪਰ ਇਸ ਦੇ ਸਾਹਮਣੇ ਕੂੜੇ ਦਾ ਢੇਰ ਲੱਗਾ ਰਹਿੰਦਾ ਹੈ। ਕੂੜੇ ਵਿੱਚੋਂ ਆਉਣ ਵਾਲੀ ਬਦਬੂ ਕਾਰਨ ਉੱਥੋਂ ਲੰਘਣ ਵਾਲੇ ਲੋਕਾਂ ਨੂੰ ਆਪਣਾ ਨੱਕ ਢਕਣਾ ਪੈਂਦਾ ਹੈ। ਲੋਕਾਂ ਦਾ ਦੋਸ਼ ਹੈ ਕਿ ਕਿਸੇ ਵੀ ਸਿਆਸੀ ਲੀਡਰ ਨੇ ਇਸ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਦਾ ਧਿਆਨ ਸਿਰਫ਼ ਫਲੈਕਸਾਂ ਅਤੇ ਪੋਸਟਰਾਂ ਰਾਹੀਂ ਆਪਣਾ ਪ੍ਰਚਾਰ ਕਰਨ ਤੱਕ ਹੀ ਸੀਮਤ ਹੈ।

ਵਿਕਾਸ ਦੇ ਮੁੱਦੇ ਨੂੰ ਲੈ ਕੇ ਮੌੜ ਵਾਸੀਆਂ ਵਿਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਇੱਕਾ-ਦੁੱਕਾ ਸੜਕਾਂ ਨੂੰ ਛੱਡ ਕੇ ਮੌੜ ਦੇ ਬਾਜ਼ਾਰਾਂ ਦੀਆਂ ਲਗਭਗ ਸਾਰੀਆਂ ਸੜਕਾਂ ਬਹੁਤ ਖਸਤਾ ਹਾਲਤ ਵਿਚ ਹਨ ਅਤੇ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪਿਛਲੇ ਕਾਫ਼ੀ ਸਮੇਂ ਤੋਂ ਮੌੜ ਹਲਕੇ ਨੂੰ ਕੋਈ ਚੰਗਾ ਵਿਧਾਇਕ ਨਹੀਂ ਮਿਲਿਆ, ਜਿਸ ਕਾਰਨ ਵਿਕਾਸ ਕਾਰਜ ਵੀ ਨਹੀਂ ਹੋ ਸਕੇ। ਲੋਕਾਂ ਨੂੰ ਆਸ ਹੈ ਕਿ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮੌੜ ਹਲਕੇ ਨੂੰ ਅਜਿਹਾ ਵਿਧਾਇਕ ਮਿਲੇਗਾ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇਵੇਗਾ ਅਤੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਮੁੜ ਸ਼ੁਰੂ ਕਰਵਾਏਗਾ।



ਸਮਾਜ ਦੀ ਤਰੱਕੀ ਵਿੱਚ ਰਾਮਗੜ੍ਹੀਆ ਭਾਈਚਾਰੇ ਦਾ ਵਿਲੱਖਣ ਯੋਗਦਾਨ : ਡਾ. ਬਲਬੀਰ ਸਿੰਘ

ਪੈ.ਗਾਮ-ਏ-ਜਗਤ/ਪਟਿਆਲਾ
9 ਨਵੰਬਰ (ਪਰਮਜੀਤ ਸਿੰਘ ਪਰਵਾਨਾ)

ਵਿਸ਼ਵਕਰਮਾ ਦਿਵਸ ਦੇ ਮੌਕੇ 'ਤੇ ਅੱਜ ਸ਼ਹਿਰ ਵਿੱਚ ਦੋ ਸਥਾਨਾਂ 'ਤੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਨ੍ਹਾਂ ਵਿੱਚ ਮਿਹਨਤਕਸ਼ ਲੋਕਾਂ ਦੇ ਨਾਲ ਨਾਲ ਉੱਘੇ ਸਿਆਸੀ ਨੇਤਾਵਾਂ ਅਤੇ ਹੋਰ ਲੋਕ ਭਗਵਾਨ ਸ਼੍ਰੀ ਵਿਸ਼ਵਕਰਮਾ ਦੀ ਪ੍ਰਤਿਮਾ ਅੱਗੇ ਨਤਮਸਤਕ ਹੋਏ। ਮੁੱਖ ਸਮਾਗਮ ਲਾਹੌਰੀ ਗੇਟ ਸਥਿਤ ਸ਼੍ਰੀ ਵਿਸ਼ਵਕਰਮਾ ਮੰਦਰ ਵਿਖੇ ਹੋਇਆ, ਜਿਸ ਵਿੱਚ ਪੰਜਾਬ ਦੇ ਸਿਹਤ ਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ, ਪਟਿਆਲਾ ਸ਼ਹਿਰ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ, ਰਾਮਗੜ੍ਹੀਆ ਭਾਈਚਾਰੇ ਦੀ ਨਾਮਵਰ ਸ਼ਖ਼ਸੀਅਤ, ਉਦਯੋਗਪਤੀ ਸ. ਹਰੀ ਸਿੰਘ (ਪ੍ਰੀਤ ਟ੍ਰੈਕਟਰ ਐਂਡ ਕੰਬਾਈਨ ਇੰਡਸਟਰੀ ਲਿਮਟਿਡ ਨਾਭਾ), ਸ. ਗੁਰਮੀਤ ਸਿੰਘ ਮੁੰਡੇ ਸਮਾਜ ਸੇਵੀ (ਐਮ ਡੀ, ਐਸ ਜੀ ਜੇ ਐਂਟਰਪ੍ਰਾਈਜ਼ਿਜ਼ ਪ੍ਰਾਈਵੇਟ ਲਿਮਟਿਡ ਪਟਿਆਲਾ) ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਵਿਸ਼ਵਕਰਮਾ ਚੈਰੀਟੇਬਲ, ਐਜੂਕੇਸ਼ਨ ਅਤੇ ਵੈਲਫੇਅਰ ਟਰੱਸਟ ਵੱਲੋਂ ਟਰੱਸਟ ਚੇਅਰਮੈਨ ਸੁਰਜੀਤ ਸਿੰਘ ਮਹਿਲ ਅਤੇ ਪ੍ਰਧਾਨ ਸਰਬਜੀਤ ਸਿੰਘ ਧੀਮਾਨ ਦੀ ਅਗਵਾਈ ਹੇਠ ਇਸ 56ਵੇਂ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਵਿਸ਼ਵਕਰਮਾ ਪੁਰਾਨ ਦੇ ਪਾਠ ਦੇ ਭੋਗ ਉਪਰੰਤ ਹਵਨ-ਯਗ ਕਰਵਾਇਆ ਗਿਆ।





ਪ੍ਰੋਗਰਾਮ ਦੌਰਾਨ ਝੰਡੇ ਦੀ ਰਸਮ ਗੁਰਮੀਤ ਸਿੰਘ ਮੁੰਡੇ (ਐਮ.ਡੀ., ਐਸ.ਜੀ.ਜੇ. ਐਂਟਰਪ੍ਰਾਈਜ਼ਿਜ਼ ਫੋਕਲ ਪੁਆਇੰਟ ਪਟਿਆਲਾ ਨੇ ਆਪਣੇ ਪਰਿਵਾਰ ਸਹਿਤ ਅਦਾ ਕੀਤੀ। ਮੁੱਖ ਮਹਿਮਾਨ ਵੱਜੋਂ ਹਰੀ ਸਿੰਘ (ਐਮ.ਡੀ.) ਪ੍ਰੀਤ ਟ੍ਰੈਕਟਰ ਐਂਡ ਕੰਬਾਇਨ ਨਾਭਾ ਅਤੇ ਵਿਸ਼ੇਸ਼ ਮਹਿਮਾਨ ਵੱਜੋਂ ਡਾ. ਬਲਬੀਰ ਸਿੰਘ ਸਿਹਤ ਅਤੇ ਮੈਡੀਕਲ ਸਿੱਖਿਆ ਮੰਤਰੀ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ. ਪਟਿਆਲਾ ਸ਼ਹਿਰੀ, ਇੰਦਰਜੀਤ ਸਿੰਘ ਸੰਧੂ , ਤਜਿੰਦਰ ਮਹਿਤਾ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ, ਸ਼੍ਰੀਮਤੀ ਪ੍ਰਨੀਤ ਕੌਰ ਵੱਲੋਂ ਬੀਬਾ ਜੈਇੰਦਰ ਕੌਰ, ਅਮਰਿੰਦਰ ਸਿੰਘ ਬਜਾਜ, ਗੁਰਿੰਦਰ ਸਿੰਘ ਢਿਲੋਂ, ਕੁੰਦਨ ਗੋਗੀਆ ਮੇਅਰ ਨਗਰ ਨਿਗਮ ਪਟਿਆਲਾ ਅਤੇ ਸੰਜੀਵ ਸ਼ਰਮਾ ਬਿਟੂ ਸਾਬਕਾ ਮੇਅਰ ਨੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋਗਰਾਮ ਵਿੱਚ ਹਾਜ਼ਰੀ ਲਗਵਾਈ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮਿਹਨਤਕਸ਼ ਰਾਮਗੜ੍ਹੀਆ ਭਾਈਚਾਰੇ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਦੀ ਤਰੱਕੀ ਵਿੱਚ ਇਸ ਭਾਈਚਾਰੇ ਦਾ ਵਿਲੱਖਣ ਯੋਗਦਾਨ ਹੈ। ਉਨ੍ਹਾਂ ਹੁਨਰ ਹਾਸਿਲ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਵਿਸ਼ੇਸ਼ ਯੋਜਨਾ ਬਣਾਈ ਗਈ ਹੈ ਤਾਂ ਕਿ ਉਹ ਰੋਜ਼ਗਾਰ ਤਲਾਸ਼ਣ ਦੀ ਥਾਂ ਰੋਜ਼ਗਾਰ ਦੇਣ ਵਾਲੇ ਬਣਨ।

ਉਨ੍ਹਾਂ ਪੰਜਾਬ ਸਰਕਾਰ ਦੀਆਂ ਕਈ ਲੋਕ ਭਲਾਈ ਸਕੀਮਾਂ ਦੀ ਵੀ ਚਰਚਾ ਕੀਤੀ ਤੇ ਕਿਹਾ ਕਿ ਰਾਜ ਸਰਕਾਰ ਲੋਕ ਭਲਾਈ ਨੂੰ ਪਹਿਲ ਦੇ ਰਹੀ ਹੈ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਮਿਹਨਤਕਸ਼ ਲੋਕਾਂ ਦੇ ਨਾਲ ਖੜੀ ਹੈ। ਉਨ੍ਹਾਂ ਹੋਰ ਕਿਹਾ ਕਿ ਇਸ ਮੰਦਰ ਦੇ ਟਰੱਸਟ ਨੂੰ ਕਮਿਊਨਿਟੀ ਸੈਂਟਰ ਲਈ ਜੋ ਜਗ੍ਹਾ ਅਲਾਟ ਕੀਤੀ ਗਈ ਹੈ, ਉਸਤੇ ਜਲਦੀ ਹੀ ਉਸਾਰੀ ਸ਼ੁਰੂ ਕਰਵਾਈ ਜਾਵੇਗੀ ਅਤੇ ਇਸ ਲਈ 50 ਲੱਖ ਰੁਪਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਜਾਰੀ ਕਰ ਦਿੱਤੇ ਗਏ ਹਨ।

ਸਮਾਗਮ ਦੌਰਾਨ ਵਿਸ਼ਵਾਮਿੱਤਰ ਐਂਡ ਪਾਰਟੀ ਸੰਗਰੂਰ ਵਲੋਂ ਭਗਵਾਨ ਸ਼੍ਰੀ ਵਿਸ਼ਵਕਰਮਾ ਜੀ ਦਾ ਗੁਨਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅਮਰ ਹਸਪਤਾਲ ਪਟਿਆਲਾ ਦੇ ਡਾਕਟਰਾਂ ਦੀ ਟੀਮ ਵੱਲੋਂ ਫ਼ਰੀ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ ਅਤੇ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਪਟਿਆਲਾ ਸ਼ਹਿਰ ਦੀਆਂ ਕਈ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਨੇ ਆਪਣੀ ਹਾਜ਼ਰੀ ਲਗਵਾਈ। ਸਮਾਗਮ ਵਿੱਚ ਵਿਸ਼ਵਕਰਮਾ ਚੈਰੀਟੇਬਲ, ਐਜੂਕੇਸ਼ਨ ਅਤੇ ਵੈਲਫੇਅਰ ਟਰੱਸਟ, ਵਿਸ਼ਵਕਰਮਾ ਮੰਦਿਰ ਲਾਹੌਰੀ ਗੇਟ, ਪਟਿਆਲਾ ਦੇ ਸਮੂਹ ਅਹੁਦੇਦਾਰ ਅਤੇ ਟਰੱਸਟ ਮੈਂਬਰ ਹਾਜ਼ਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਸ਼ਹਿਰ ਵਿੱਚ ਦੂਜਾ ਸਮਾਗਮ ਪਟਿਆਲਾ-ਰਾਜਪੁਰਾ ਰੋਡ ਸਥਿਤ ਸ਼੍ਰੀ ਵਿਸ਼ਵਕਰਮਾ ਮੰਦਰ ਵਿਖੇ ਸੁਖਪਾਲ ਧੀਮਾਨ ਤੇ ਰਾਕੇਸ਼ ਧੀਮਾਨ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ। ਝੰਡੇ ਦੀ ਰਸਮ ਪ੍ਰੀਤਮਪਾਲ ਧੀਮਾਨ (ਪ੍ਰੀਤਮ ਮਕੈਨੀਕਲ ਵਰਕਸ, ਪਟਿਆਲਾ) ਨੇ ਅਦਾ ਕੀਤੀ। ਇਸ ਮੌਕੇ ਹਵਨ ਯੱਗ ਵੀ ਕੀਤਾ ਗਿਆ।

ਅਮਰਨਾਥ ਧੀਮਾਨ ਐਂਡ ਪਾਰਟੀ ਪਟਿਆਲਾ ਨੇ ਭਜਨਾਂ ਅਤੇ ਭਗਵਾਨ ਸ਼੍ਰੀ ਵਿਸ਼ਵਕਰਮਾ ਜੀ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਪੀ.ਜੀ.ਆਈ. ਵਿੱਚ ਦੀਵਾਲੀ ਦੌਰਾਨ ਪਟਾਕਿਆਂ ਨਾਲ ਅੱਖਾਂ ਦੇ ਜ਼ਖ਼ਮੀ ਹੋਣ ਦੇ 27 ਮਾਮਲੇ ਸਾਹਮਣੇ ਆਏ

ਚੰਡੀਗੜ੍ਹ, 9 ਨਵੰਬਰ,
**(ਪੈ.ਗਾਮ-ਏ-

ਵਿਸ਼ਵਕਰਮਾ ਕਮੇਟੀ ਮਾਹਿਲਪੁਰ ਵਲੋਂ ਵਿਸ਼ਵਕਰਮਾਂ ਉਤਸਵ ਮਨਾਇਆ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਵਿਸ਼ਵਕਰਮਾ ਕਮੇਟੀ ਮਾਹਿਲਪੁਰ ਵਲੋਂ ਕਮੇਟੀ ਪ੍ਰਧਾਨ ਠੇਕੇਦਾਰ ਜਗਜੀਤ ਸਿੰਘ ਘੁਮਿਆਲਾ ਦੀ ਅਗਵਾਈ 'ਚ ਤੇ ਜਸਵੰਤ ਸਿੰਘ ਸੀਹਰਾ ਤੇ ਸਤਨਾਮ ਸਿੰਘ ਸੂਰਜ ਦੀ ਦੇਖ ਰੇਖ 'ਚ ਵਿਸ਼ਵਕਰਮਾਂ ਉਤਸਵ ਮਾਹਿਲਪੁਰ ਵਿਖੇ ਮਨਾਇਆ ਗਿਆ।

ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗਏ ਦਿਵਾਨ ਮੌਕੇ ਕੀਰਤਨੀ ਜਥਾ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ, ਭਾਈ ਮਨਜਿੰਦਰ ਸਿੰਘ ਰਾਏਪੁਰ ਵਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਢਾਡੀ ਵਾਰਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਮੌਕੇ ਵਿਧਾਇਕ ਇਸ਼ਾਂਕ ਕੁਮਾਰ ਚੱਬੇਵਾਲ, ਠੇਕੇਦਾਰ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਸੋਹਣ ਸਿੰਘ ਠੰਡਲ ਸਾਬਕਾ ਮੰਤਰੀ, ਸੰਤ ਬੀਬੀ ਜਸਪ੍ਰੀਤ ਕੌਰ, ਪ੍ਰਿੰ. ਸੁਰਿੰਦਰਪਾਲ ਸਿੰਘ ਪ੍ਰਦੇਸੀ, ਅਸ਼ੋਕ ਕੁਮਾਰ, ਦਵਿੰਦਰ ਸਿੰਘ ਸੈਣੀ ਪ੍ਰਧਾਨ ਨਗਰ ਪੰਚਾਇਤ, ਸ਼ਸ਼ੀ ਬੰਗੜ ਮੀਤ ਪ੍ਰਧਾਨ, ਕੌਂਸਲਰ ਕੁਲਦੀਪ ਕੌਰ, ਪਰਮਜੀਤ ਸਿੰਘ ਕਲਿਆਣ, ਦਲਜੀਤ ਸਿੰਘ ਸਹੋਤਾ, ਜਗਦੀਸ਼ ਸਿੰਘ ਭੋਗਲ ਹੁਸ਼ਿਆਰਪੁਰ, ਰਾਮ ਸਰੂਪ ਤਨੇਤਾ, ਤਰਲੋਚਨ ਸਿੰਘ ਭੋਗਲ, ਇੰਜ ਜਗਜੀਤ ਸਿੰਘ, ਗੁਰਦੀਪ ਸਿੰਘ ਸੈਂਪਾ, ਕਿਸ਼ਨ ਸਿੰਘ, ਹਰਪ੍ਰੀਤ ਸਿੰਘ ਬੈਂਸ, ਇਕਬਾਲ ਸਿੰਘ ਖੇੜਾ, ਕੌਂਸਲਰ ਬਲਦੇਵ ਸਿੰਘ, ਗਿਆਨ ਸਿੰਘ, ਠੇਕੇਦਾਰ ਜੋਗਾ ਸਿੰਘ, ਕਸ਼ਮੀਰ ਸਿੰਘ ਮਹਿਮਦੋਵਾਲ, ਜਤਿੰਦਰ ਸਿੰਘ ਅਜੀਮਲ, ਜਸਪਾਲ ਸਿੰਘ ਪਾਲਾ ਖਾਨਪੁਰ, ਹਰਪ੍ਰੀਤ ਸਿੰਘ ਬੈਂਸ, ਚਰਨਜੀਤ ਸਿੰਘ ਚੰਨੀ, ਗੁਰਪ੍ਰੀਤ ਸਿੰਘ ਬੈਂਸ, ਠੇਕੇਦਾਰ ਕੁਲਦੀਪ ਸਿੰਘ, ਕੌਂਸਲਰ ਰਾਜ ਕੁਮਾਰ ਰਾਜੂ, ਪ੍ਰੋ.ਸ਼ਰਵਣ ਸਿੰਘ, ਅਮਰੀਕ ਸਿੰਘ ਜੈਤਪੁਰ, ਗੁਰਪ੍ਰੀਤ ਸਿੰਘ ਬੈਸ, ਬਰਜਿੰਦਰ ਸਿੰਘ ਬੰਟੀ, ਡਾ. ਸੰਤੋਖ ਸਿੰਘ, ਰੁਪਿੰਦਰ ਜੋਤ ਸਿੰਘ ਬੱਬੂ, ਠੇਕੇਦਾਰ ਅਮਰਜੀਤ ਸਿੰਘ, ਠੇਕੇਦਾਰ ਸਰੂਪ ਸਿੰਘ, ਸੋਹਣ ਸਿੰਘ ਦਾਦੂਵਾਲ, ਮਾ.ਬਲਵੀਰ ਸਿੰਘ ਕਹਾਰਪੁਰ, ਧਰਮ ਸਿੰਘ ਫੌਜੀ, ਕੁਲਦੀਪ ਸਿਘ ਗੋਲਡੀ, ਪਰਮਜੀਤ ਸਿੰਘ ਆਰੇਵਾਲ, ਜਗਦੀਪ ਸਿੰਘ ਸਬਾਕਾ ਵਾਇਸ ਪ੍ਰਧਾਨ ਸਮੇਤ ਇਲਾਕਾ ਨਿਵਾਸੀ ਸਮੂਹ ਕਮੇਟੀ ਮੈਂਬਰ ਹਾਜ਼ਰ ਸਨ।

ਵਿਸ਼ਵਕਰਮਾ ਦਿਵਸ ਮੌਕੇ ਵਿਧਾਇਕ ਜਿੰਪਾ ਨੇ ਲੇਬਰ ਸ਼ੈੱਡ ਤੇ ਪਿੰਡ ਠਰੋਲੀ ਵਿਖੇ ਕਰਵਾਏ ਸਮਾਗਮਾਂ 'ਚ ਕੀਤੀ ਸ਼ਿਰਕਤ

ਕੰਮਕਾਜੀ ਲੋਕਾਂ ਤੇ ਕਾਰੀਗਰਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ : ਬ੍ਰਹਮ ਸ਼ੰਕਰ ਜਿੰਪਾ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਵਿਸ਼ਵਕਰਮਾ ਦਿਵਸ ਦੇ ਪਵਿੱਤਰ ਮੌਕੇ 'ਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਦੇ ਲੇਬਰ ਸ਼ੈੱਡ ਅਤੇ ਪਿੰਡ ਠਰੋਲੀ ਵਿਖੇ ਕਰਵਾਏ ਗਏ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਭਗਵਾਨ ਵਿਸ਼ਵਕਰਮਾ ਜੀ ਦੇ ਚਰਨਾਂ ਵਿੱਚ ਨਤਮਸਤਕ ਹੁੰਦਿਆਂ ਸਮੂਹ ਕਾਮਿਆਂ, ਕਾਰੀਗਰਾਂ ਅਤੇ ਮਜ਼ਦੂਰਾਂ ਨੂੰ ਵਿਸ਼ਵਕਰਮਾ ਦਿਵਸ ਦੀਆਂ ਦਿਲੋਂ ਵਧਾਈਆਂ ਦਿੱਤੀਆਂ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਨੂੰ ਸਿਰਜਣਾ, ਨਿਰਮਾਣ ਅਤੇ ਸ਼ਿਲਪਕਲਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਸਾਨੂੰ ਮਿਹਨਤ, ਲਗਨ, ਹੁਨਰ ਅਤੇ ਇਮਾਨਦਾਰੀ ਨਾਲ ਆਪਣਾ ਕੰਮ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਅਤੇ ਸਮਾਜ ਦੀ ਤਰੱਕੀ ਵਿੱਚ ਮਜ਼ਦੂਰਾਂ, ਕਾਰੀਗਰਾਂ ਅਤੇ ਮਿਹਨਤਕਸ਼ ਲੋਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਉਨ੍ਹਾਂ ਦੀ ਮਿਹਨਤ ਅਤੇ ਹੁਨਰ ਨਾਲ ਹੀ ਵਿਕਾਸ ਦੀ ਨੀਂਹ ਮਜ਼ਬੂਤ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਮਜ਼ਦੂਰ ਵਰਗ ਸਮਾਜ ਅਤੇ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸਾਨੂੰ ਮਜ਼ਦੂਰਾਂ ਦੇ ਸਨਮਾਨ, ਅਧਿਕਾਰਾਂ ਅਤੇ ਬਿਹਤਰ ਜੀਵਨ ਪੱਧਰ ਨੂੰ ਯਕੀਨੀ ਬਣਾਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਵਿਧਾਇਕ ਜਿੰਪਾ ਨੇ ਕਿਹਾ ਕਿ ਅਜਿਹੇ ਧਾਰਮਿਕ ਅਤੇ ਸਮਾਜਿਕ ਸਮਾਗਮ ਆਪਸੀ ਭਾਈਚਾਰੇ, ਏਕਤਾ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਨੇ ਸਾਰਿਆਂ ਦੇ ਜੀਵਨ ਵਿੱਚ ਸੁੱਖ-ਸਮ੍ਰਿੱਧੀ, ਖੁਸ਼ਹਾਲੀ ਅਤੇ ਤਰੱਕੀ ਦੀ ਕਾਮਨਾ ਵੀ ਕੀਤੀ। ਇਸ ਮੌਕੇ ਮੇਅਰ ਪ੍ਰਵੀਨ ਸੈਣੀ, ਵਰਿੰਦਰ ਸ਼ਰਮਾ, ਸੁਦਰਸ਼ਨ ਧੀਰ ਚੇਅਰਮੈਨ ਸਵਰਨਕਾਰ ਵੈਲਫੇਅਰ ਬੋਰਡ, ਕ੍ਰਿਸ਼ਨ ਗੋਪਾਲ ਜ਼ਿਲ੍ਹਾ ਕੋਆਰਡੀਨੇਟਰ, ਸਿੱਖਿਆ, ਮਨੋਜ ਦੱਤਾ, ਸਰਪੰਚ ਠਰੋਲੀ ਗੀਨਾ ਅਤੇ ਬਾਬਾ ਵਿਨੋਦ ਵੀ ਮੌਜੂਦ ਸਨ।

ਪਿੰਡ ਠੱਕਰਵਾਲ ਮੌਜੋਮਜਾਰਾ ਵਿਖੇ ਸੰਤ ਬਾਬਾ ਦੂਲਾ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਦੀ ਆਰੰਭਤਾ ਕੀਤੀ ਗਈ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪਿੰਡ ਠੱਕਰਵਾਲ ਮੌਜੋਮਜਾਰਾ ਵਿਖੇ ਗੁਰਦੁਆਰਾ ਤਪ ਸਥਾਨ ਸ਼ਹੀਮਾਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ,ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਸ਼ਹੀਮਾਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ 11 ਨਵੰਬਰ ਨੂੰ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸਰਬਜੀਤ ਸਿੰਘ ਸਾਬੀ ਠੱਕਰਵਾਲ ਅਤੇ ਬਾਬਾ ਗੁਰਪ੍ਰੀਤ ਸਿੰਘ ਗੋਪੀ ਠੱਕਰਵਾਲ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸਰਬਜੀਤ ਸਿੰਘ ਸਾਬੀ ਠੱਕਰਵਾਲ, ਦਵਿੰਦਰ ਸਿੰਘ ਫੌਜੀ, ਜਰਨੈਲ ਸਿੰਘ,ਅਮਨਿੰਦਰ ਸਿੰਘ, ਅਰਸ਼, ਆਦਿ ਹਾਜ਼ਰ ਸਨ।

ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਡੇਰੇ ਵਿੱਚ ਤਿਆਰੀਆ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 09 ਨਵੰਬਰ ਤੋਂ ਸਲਾਨਾ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਮੌਕੇ ਦੋ ਸ਼੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ। ਉਨ੍ਹਾਂ ਦੱਸਿਆ ਕਿ 09 ਨਵੰਬਰ ਤੋਂ 11 ਨਵੰਬਰ ਤੱਕ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸਰਬਜੀਤ ਸਿੰਘ ਸਾਬੀ ਠੱਕਰਵਾਲ, ਦਵਿੰਦਰ ਸਿੰਘ ਫੌਜੀ, ਜਰਨੈਲ ਸਿੰਘ,ਅਮਨਿੰਦਰ ਸਿੰਘ, ਅਰਸ਼, ਆਦਿ ਹਾਜ਼ਰ ਸਨ।

ਮਾਹਿਲਪੁਰ ਪੁਲਸ ਵਲੋਂ 30 ਬੋਰ ਪਿਸਟਲ ਸਮੇਤ ਮੈਗਜ਼ੀਨ ਤੇ 4 ਜ਼ਿੰਦਾ ਰੌਂਦ ਸਾਹਿਤ 2 ਆਰੋਪੀ ਗ੍ਰਿਫ਼ਤਾਰ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਾਲੂ ਕੀਤੀ ਗਈ ਹੈ।

ਜਿਸ ਅਧੀਨ ਸ੍ਰੀ ਸੰਦੀਪ ਕੁਮਾਰ ਮਲਿਕ IPS ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਜੀ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾ ਦੀ ਰਹਿਨੁਮਾਈ ਹੇਠ ਸ੍ਰੀ ਭਾਰਤ ਭੂਸ਼ਨ DSP ਗੜ੍ਹਸ਼ੰਕਰ ਜੀ ਦੀਆ ਹਦਾਇਤਾ ਅਨੁਸਾਰ ਇੰਸਪੈਕਟਰ ਰਮਨਦੀਪ ਕੌਰ ਮੁੱਖ ਅਫਸਰ ਥਾਣਾ ਮਾਹਿਲਪੁਰ ਦੀ ਦੇਖ-ਰੇਖ ਹੇਠ ਜੋ ਮਿਤੀ 18.09.2026 ਨੂੰ ਸ਼ਹੀਦਾ ਰੋਡ ਮਾਹਿਲਪੁਰ ਵਿਖੇ ਗੀਲੋਡ ਕੱਪੜੇ ਦੀ ਦੁਕਾਨ ਤੇ ਵਕਤ ਕਰੀਬ 7 ਵਜੇ ਸ਼ਾਮ ਸਪਲੈਂਡਰ ਸਵਾਰ 2 ਨਾ ਮਾਲੂਮ ਵਿਅਕਤੀਆ ਵਲੋ ਦੁਕਾਨ ਦੇ ਅੰਦਰ ਆ ਕੇ ਦੁਕਾਨ ਮਾਲਕ ਜਸਵੀਰ ਚੰਦ ਪੁੱਤਰ ਯੋਗ ਰਾਜ ਵਾਸੀ ਗੱਜਰ ਤੇ ਫਾਇਰਿੰਗ ਕੀਤੀ ਸੀ। ਜਿਸ ਨਾਲ ਦੁਕਾਨ ਮਾਲਕ ਗੰਭੀਰ ਜਖਮੀ ਹੋ ਗਿਆ ਸੀ। ਜਿਸਦੇ ਬਿਆਨਾ ਤੇ ਨਾ ਮਾਲੂਮ ਵਿਅਕਤੀਆਂ ਦੇ ਖਿਲਾਫ ਮਕੱਦਮਾ ਨੰਬਰ 179 ਮਿਤੀ 18-09.2026 ਅ:ਧ 109,3(5) BNS 25/27-54-59 Arms Act C: BNS ਤਹਿਤ ਕਾਰਵਾਈ ਅਮਲ ਵਿੱਚ ਲਿਆਦੀ ਗਈ ਹੈ। ਦੌਰਾਨੇ ਤਫਤੀਸ਼ ਟੈਕਨੀਕਲ ਸੋਰਸ ਅਤੇ ਖੁਫੀਆ ਸੋਰਸ ਲਗਾ ਕੇ ਮੁਕੱਦਮਾ (ਵਾਰਦਾਤ) ਨੂੰ ਟਰੇਸ ਕੀਤਾ ਗਿਆ ਤੇ ਵਾਰਦਾਤ ਕਰਨ ਵਾਲੇ ਦੋਸ਼ੀ ਮਨਜੋਤ ਸਿੰਘ ਉਰਫ ਜੋਤਾ ਪੁੱਤਰ ਸੁਰਜੀਤ ਸਿੰਘ ਵਾਸੀ ਬਿਹਾਲਾ ਥਾਣਾ ਚੱਬੇਵਾਲ ਜਿਲ੍ਹਾ ਹੁਸ਼ਿਆਰਪੁਰ ਅਤੇ ਸਾਹਿਲ ਉਰਫ ਸ਼ੈਲੀ ਪੁੱਤਰ ਰਾਜ ਕੁਮਾਰ ਵਾਸੀ ਜੱਟਪੁਰ ਥਾਣਾ ਚੱਬੇਵਾਲ ਜਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕਰਕੇ ਦੋਸੀ ਮਨਜੋਤ ਸਿੰਘ ਉਰਫ ਜੋਤਾ ਉਕਤ ਪਾਸੋ 30 ਬੋਰ ਪਿਸਟਲ ਸਮੇਤ ਮੈਗਜੀਨ, 4 ਜਿੰਦਾ ਰੋਦ ਬ੍ਰਾਮਦ ਕੀਤੇ ਗਏ ਹਨ।

ਦੋਸੀਆਂ ਦਾ ਰਿਮਾਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਬਲਾਚੌਰ ਵਿਖੇ ਮੱਖ ਮੰਤਰੀ ਨਾਇਬ ਸੈਣੀ ਨਾਲ ਮਿਲੇ ਭਾਜਪਾ ਆਗੂ ਸੰਦੀਪ ਭਾਟੀਆ

• ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਬਾਰੇ ਹੋਈ ਵਿਸਥਾਰਤ ਚਰਚਾ



ਪੈ.ਗਾਮ-ਏ-ਜਗਤ
ਬਲਾਚੌਰ, 9 ਨਵੰਬਰ
(ਜਤਿੰਦਰਪਾਲ ਸਿੰਘ ਕਲੇਰ)

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਜੀ ਬਲਾਚੌਰ ਪਹੁੰਚੇ, ਜਿੱਥੇ ਭਾਜਪਾ ਦੇ ਸੀਨੀਅਰ ਆਗੂ ਅਤੇ ਓਬੀਸੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਸੰਦੀਪ ਭਾਟੀਆ ਸੋਨੂੰ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਹਾਂ ਆਗੂਆਂ ਨੇ ਸਾਂਝੇ ਤੌਰ ਤੇ ਚਾਹ ਪੀਤੀ ਅਤੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ।

ਮੁਲਾਕਾਤ ਦੌਰਾਨ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ, ਪਾਰਟੀ ਦੀਆਂ ਨੀਤੀਆਂ ਅਤੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਅਤੇ ਪੰਜਾਬ ਦੇ ਬਿਹਤਰ ਭਵਿੱਖ ਲਈ ਅਹਿਮ ਮੁੱਦਿਆਂ ਤੇ ਚਰਚਾ ਹੋਈ। ਮੁੱਖ ਮੰਤਰੀ ਸੈਣੀ ਨੇ ਪੰਜਾਬ ਵਿੱਚ ਪਾਰਟੀ ਵਰਕਰਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਲੋਕਾਂ ਨਾਲ ਨਿਰੰਤਰ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸੰਦੀਪ ਭਾਟੀਆ ਸੋਨੂੰ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਜੀ ਦਾ ਉਨ੍ਹਾਂ ਨੂੰ ਸਨੇਹ, ਮਾਰਗਦਰਸ਼ਨ ਅਤੇ ਕੀਮਤੀ ਸਮਾਂ ਦੇਣ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਜੀ ਦਾ ਮਿਲਣਸਾਰ ਸੁਭਾਅ ਅਤੇ ਵਰਕਰਾਂ ਪ੍ਰਤੀ ਸਤਿਕਾਰ ਹਰ ਵਰਕਰ ਲਈ ਪ੍ਰੇਰਣਾ ਦਾ ਸਰੋਤ ਹੈ।

ਸੰਦੀਪ ਭਾਟੀਆ ਸੋਨੂੰ ਨੇ ਕਿਹਾ ਕਿ ਭਾਜਪਾ ਦਾ ਮੁੱਖ ਉਦੇਸ਼ ਪੰਜਾਬ ਦੀ ਬਿਹਤਰੀ ਅਤੇ ਲੋਕਾਂ ਦੀ ਖੁਸ਼ਹਾਲੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਬਦਲਾਅ ਚਾਹੁੰਦੀ ਹੈ ਅਤੇ ਭਾਜਪਾ ਹੀ ਪੰਜਾਬ ਨੂੰ ਵਿਕਾਸ ਦੀਆਂ ਰਾਹਾਂ ਤੇ ਲੈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਜੀ ਦੇ ਮਾਰਗਦਰਸ਼ਨ ਹੇਠ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਦੇ ਰਹਿਣਗੇ।

2047 ਤੱਕ ਭਾਰਤ ਨੂੰ ਵਿਕਸਤ ਦੇਸ਼ ਬਣਾਉਣ ਦੇ ਮੋਦੀ ਜੀ ਦੇ ਸੁਪਨੇ ਨੂੰ ਸੱਚ ਕਰਨ ਲਈ ਸਾਥ ਦਿਆਂਗੇ

• ਪੰਜਾਬ ਵਿੱਚ ਡਬਲ ਇੰਜਣ ਦੀ ਸਰਕਾਰ ਬਣਾ ਕੇ ਪੰਜਾਬ ਨੂੰ ਨੰਬਰ ਵਨ ਸਟੇਟ ਬਣਾਵਾਂਗੇ : ਅਸ਼ੋਕ ਬਾਂਠ ਰੱਤੇਵਾਲ



ਪੈ.ਗਾਮ-ਏ-ਜਗਤ
ਬਲਾਚੌਰ, 9 ਨਵੰਬਰ
(ਜਤਿੰਦਰਪਾਲ ਸਿੰਘ ਕਲੇਰ)

ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਿਟਾਇਰਡ ਆਈ.ਪੀ.ਐਸ. ਅਸ਼ੋਕ ਬਾਂਠ ਰੱਤੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਲਕਸ਼ ਹੈ 2047 ਤੱਕ ਭਾਰਤ ਨੂੰ ਇੱਕ ਵਿਕਸਤ ਦੇਸ਼ ਬਣਾਉਣ ਦਾ ਅਤੇ ਅਸੀਂ ਸਾਰੇ ਇਸ ਸੁਪਨੇ ਨੂੰ ਸੱਚ ਕਰਨ ਵਿੱਚ ਮੋਦੀ ਜੀ ਦਾ ਸਾਥ ਦਿਆਂਗੇ। ਅਸ਼ੋਕ ਬਾਂਠ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜੀ ਦੀ ਅਗਵਾਈ ਹੇਠ ਦੇਸ਼ ਹਰ ਖੇਤਰ ਵਿੱਚ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਭਾਰਤ ਦੁਨੀਆਂ ਵਿੱਚ ਆਪਣੀ ਵੱਖਰੀ ਪਛਾਣ ਬਣਾ ਚੁੱਕਾ ਹੈ ਅਤੇ ਵਿਕਸਤ ਭਾਰਤ ਦਾ ਸੁਪਨਾ ਹੁਣ ਦੂਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਡਬਲ ਇੰਜਣ ਦੀ ਸਰਕਾਰ ਬਣਾ ਕੇ ਪੰਜਾਬ ਨੂੰ ਬਹੁਤ ਜਲਦੀ ਨੰਬਰ ਵਨ ਸਟੇਟ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕੇਂਦਰ ਅਤੇ ਸੂਬੇ ਵਿੱਚ ਇੱਕੋ ਪਾਰਟੀ ਦੀ ਸਰਕਾਰ ਹੋਵੇਗੀ ਤਾਂ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਆਵੇਗੀ ਅਤੇ ਪੰਜਾਬ ਦੇ ਹਰ ਵਰਗ ਦਾ ਭਲਾ ਹੋਵੇਗਾ।

ਅਸ਼ੋਕ ਬਾਂਠ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦਾ ਸਾਥ ਦੇਣ ਅਤੇ ਪੰਜਾਬ ਨੂੰ ਮੁੜ ਤੋਂ ਖੁਸ਼ਹਾਲੀ ਦੀਆਂ ਰਾਹਾਂ ਤੇ ਲੈ ਜਾਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕ

ਜੇਕਰ ਸੁਣਵਾਈ ਨਹੀਂ ਹੋਈ ਤਾਂ ਧਰਨਾ-ਪ੍ਰਦਰਸ਼ਨ ਦਾ ਰਸਤਾ ਅਪਣਾਇਆ ਜਾਵੇਗਾ: ਸ. ਸੁਰਿੰਦਰ ਸਿੰਘ

ਚੰਡੀਗੜ੍ਹ,
(ਪੈ.ਗਾਮ-ਏ-ਜਗਤ)

ਪੀਜੀਆਈ, ਚੰਡੀਗੜ੍ਹ ਵਿੱਚ ਸੈਨੇਟਰੀ ਇੰਸਪੈਕਟਰ ਦੀਆਂ ਨਿਯਮਤ ਅਸਾਮੀਆਂ ਲਈ ਹੋਈ ਭਰਤੀ ਹੁਣ ਵਿਵਾਦਾਂ ਵਿੱਚ ਘਿਰਦੀ ਨਜ਼ਰ ਆ ਰਹੀ ਹੈ। ਆਰਟੀਆਈ ਤੋਂ ਪ੍ਰਾਪਤ ਦਸਤਾਵੇਜ਼ਾਂ ਅਤੇ ਪੀਜੀਆਈ ਦੇ ਵਿਜੀਲੈਂਸ ਵਿਭਾਗ ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਨਤਿੰਦਰ ਕੁਮਾਰ ਦੀ ਨਿਯੁਕਤੀ ਅਤੇ ਉਸ ਵੱਲੋਂ ਪੇਸ਼ ਕੀਤੇ ਗਏ ਤਜਰਬੇ ਦੇ ਸਰਟੀਫਿਕੇਟ ਦੀ ਪ੍ਰਮਾਣਿਕਤਾ 'ਤੇ ਸਵਾਲ ਖੜ੍ਹੇ ਹੋ ਗਏ ਹਨ।

ਮਾਮਲੇ ਵਿੱਚ ਸਾਲ 2019 ਜਾਰੀ ਹੋਣ ਦੇ ਬਾਵਜੂਦ ਕਥਿਤ ਤੌਰ 'ਤੇ ਅੱਗੇ ਕੋਈ ਕਾਰਵਾਈ ਨਾ ਕੀਤੇ ਜਾਣ 'ਤੇ ਵੀ ਸਵਾਲ ਉੱਠ ਰਹੇ ਹਨ। ਚੰਡੀਗੜ੍ਹ ਬਸਪਾ ਦੇ ਇੰਚਾਰਜ ਸ. ਸੁਰਿੰਦਰ ਸਿੰਘ ਨੇ ਅੱਜ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਆਯੋਜਿਤ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਮਾਜ ਦੇ ਕਿਸੇ ਵੀ ਵਿਅਕਤੀ ਨਾਲ ਬੇਇਨਸਾਫ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਕਾਰਵਾਈ ਨਾ ਹੋਈ ਤਾਂ ਬਸਪਾ ਹੋਰ ਯੂਨੀਅਨਾਂ ਨਾਲ ਮਿਲ ਕੇ ਸੜਕਾਂ 'ਤੇ ਉਤਰੇਗੀ। ਪ੍ਰੈੱਸ ਕਾਨਫਰੰਸ ਵਿੱਚ ਸਿਹਤ ਵਿਭਾਗ ਦੇ ਸੇਵਾਮੁਕਤ ਅਧਿਕਾਰੀ ਡਾ. ਨਰੇਂਦਰ, ਪੰਜਾਬ ਬਸਪਾ ਦੇ ਜਨਰਲ ਸਕੱਤਰ ਰਾਜਾ ਰਾਜਿੰਦਰ ਸਿੰਘ ਨਨਹੇੜੀਆ, ਸ. ਭਜਨ ਸਿੰਘ ਅਤੇ ਪਰਮਜੀਤ ਸਿੰਘ ਚੰਮਾ ਆਦਿ ਵੀ ਹਾਜ਼ਰ ਰਹੇ। ਰਾਜਾ ਰਾਜਿੰਦਰ ਸਿੰਘ ਨਨਹੇੜੀਆ ਨੇ ਦੱਸਿਆ ਕਿ

- **ਤਤਕਾਲੀਨ ਰਿਕਰੂਟਮੈਂਟ ਕਮੇਟੀ ਦੇ ਚੇਅਰਮੈਨ ਡਾ. ਵਿਪਨ ਕੌਸ਼ਲ ਅਤੇ ਸੀਨੀਅਰ ਸੈਨੇਟੇਸ਼ਨ ਅਧਿਕਾਰੀ ਰਵੀ ਸ਼ਰਮਾ ਦੀ ਭੂਮਿਕਾ ਦੀ ਵੀ ਨਿਰਪੱਖ ਜਾਂਚ ਦੀ ਮੰਗ**



ਪ੍ਰਾਪਤ ਦਸਤਾਵੇਜ਼ਾਂ ਅਨੁਸਾਰ ਸਕੀ ਸੀ।

ਸੈਨੇਟਰੀ ਇੰਸਪੈਕਟਰ ਦੀਆਂ ਨਿਯਮਤ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸਾਲ 2012 ਵਿੱਚ ਸ਼ੁਰੂ ਕੀਤੀ ਗਈ ਸੀ।

31 ਅਕਤੂਬਰ 2014 ਨੂੰ ਯੋਗ ਅਤੇ ਅਯੋਗ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਗਈ ਸੀ, ਜਿਸ ਵਿੱਚ ਬਲਕਾਰ ਸਿੰਘ ਨੂੰ ਯੋਗ ਘੋਸ਼ਿਤ ਕੀਤਾ ਗਿਆ ਸੀ। ਹਾਲਾਂਕਿ, ਯੋਗ ਘੋਸ਼ਿਤ ਹੋਣ ਦੇ ਬਾਵਜੂਦ ਉਨ੍ਹਾਂ ਦੀ ਚੋਣ ਨਹੀਂ ਹੋਈ।

ਦੂਜੇ ਪਾਸੇ, ਚੁਣੇ ਗਏ ਉਮੀਦਵਾਰ ਨਤਿੰਦਰ ਕੁਮਾਰ ਵੱਲੋਂ ਪੇਸ਼ ਕੀਤੇ ਗਏ ਤਜਰਬੇ ਦੇ ਸਰਟੀਫਿਕੇਟ ਸਬੰਧੀ ਸ਼ਿਕਾਇਤ ਦਰਜ ਕਰਵਾਈ ਗਈ ਸੀ। ਇਸ ਸ਼ਿਕਾਇਤ ਦੇ ਆਧਾਰ 'ਤੇ ਪੀਜੀਆਈ ਦੇ ਮੁੱਖ ਵਿਜੀਲੈਂਸ ਅਧਿਕਾਰੀ (ਸੀਵੀਓ) ਵੱਲੋਂ ਜਾਂਚ ਕੀਤੀ ਗਈ। ਸ਼ਿਕਾਇਤ ਅਤੇ ਜਾਂਚ ਨਾਲ ਸਬੰਧਤ ਦਸਤਾਵੇਜ਼ਾਂ ਦੇ ਪੰਨਾ ਨੰਬਰ 70/95 ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਗਿਆ ਹੈ ਕਿ ਨਤਿੰਦਰ ਕੁਮਾਰ ਦੇ ਤਜਰਬੇ ਦੇ ਸਰਟੀਫਿਕੇਟ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਹੋ ਸਕੀ।

ਦੱਸਿਆ ਗਿਆ ਹੈ ਕਿ ਵਿਜੀਲੈਂਸ ਵਿਭਾਗ ਵੱਲੋਂ 13 ਨਵੰਬਰ 2019 ਨੂੰ ਜਾਂਚ ਰਿਪੋਰਟ ਜਾਰੀ ਕੀਤੀ ਗਈ ਸੀ।

ਇਸ ਨਾਲ ਇੱਕ ਅਹਿਮ ਸਵਾਲ ਖੜ੍ਹਾ ਹੁੰਦਾ ਹੈ ਕਿ ਜੇਕਰ ਜਾਂਚ ਦੌਰਾਨ ਤਜਰਬੇ ਦੇ ਸਰਟੀਫਿਕੇਟ ਦੀ ਪ੍ਰਮਾਣਿਕਤਾ ਸਥਾਪਿਤ ਨਹੀਂ ਹੋ ਸਕੀ ਸੀ ਤਾਂ ਇਸ ਤੋਂ ਬਾਅਦ ਸਬੰਧਤ ਅਧਿਕਾਰੀਆਂ ਵੱਲੋਂ ਕੀ ਕਾਰਵਾਈ ਕੀਤੀ ਗਈ?


ਇਹ ਵੀ ਸਾਹਮਣੇ ਆਇਆ ਹੈ ਕਿ ਪੀਜੀਆਈ ਸਫ਼ਾਈ ਕਰਮਚਾਰੀ ਯੂਨੀਅਨ ਵੱਲੋਂ 4 ਸਤੰਬਰ 2018 ਨੂੰ ਤਤਕਾਲੀਨ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰ ਨੂੰ ਇਸ ਮਾਮਲੇ ਸਬੰਧੀ ਸ਼ਿਕਾਇਤ ਦਿੱਤੀ ਗਈ ਸੀ। ਇਸ ਦੇ ਬਾਵਜੂਦ ਕੀਤੀ ਗਈ ਕਾਰਵਾਈ ਦੀ ਸਥਿਤੀ ਸਪੱਸ਼ਟ ਨਹੀਂ ਹੈ, ਜਿਸ ਕਾਰਨ ਸਬੰਧਤ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਉੱਠ ਰਹੀ ਹੈ। ਰਾਜਾ ਰਾਜਿੰਦਰ ਸਿੰਘ ਨਨਹੇੜੀਆ ਅਨੁਸਾਰ ਇਸ ਮਾਮਲੇ ਨੂੰ ਹੋਰ ਗੰਭੀਰ ਬਣਾਉਂਦੇ ਹੋਏ ਇੱਕ ਹੋਰ ਦਸਤਾਵੇਜ਼ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਦਾ ਪੰਨਾ ਨੰਬਰ 71/96 ਹੈ।

ਇਸ ਦਸਤਾਵੇਜ਼ ਅਨੁਸਾਰ ਡਾ. ਪੱਲਵ ਰਾਏ ਵੱਲੋਂ 11 ਜਨਵਰੀ 2026 ਨੂੰ ਮੈਡੀਕਲ ਸੁਪਰਡੈਂਟ ਨੂੰ ਪੰਜ ਦਿਨਾਂ ਦੇ ਅੰਦਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਹੁਣ ਸਵਾਲ ਇਹ ਹੈ ਕਿ ਇਨ੍ਹਾਂ ਨਿਰਦੇਸ਼ਾਂ 'ਤੇ ਕੀ ਕਾਰਵਾਈ ਕੀਤੀ ਗਈ ਅਤੇ ਸਬੰਧਤ ਰਿਪੋਰਟ ਕਿਸ ਪੱਧਰ 'ਤੇ ਲੰਬਿਤ ਹੈ?ਸਾਲ 2012 ਦੀ ਭਰਤੀ ਪ੍ਰਕਿਰਿਆ ਨਾਲ ਜੁੜੇ ਤਤਕਾਲੀਨ ਰਿਕਰੂਟਮੈਂਟ ਕਮੇਟੀ ਦੇ ਚੇਅਰਮੈਨ ਡਾ. ਵਿਪਨ ਕੌਸ਼ਲ ਅਤੇ ਸੀਨੀਅਰ ਸੈਨੇਟੇਸ਼ਨ ਅਧਿਕਾਰੀ ਰਵੀ ਸ਼ਰਮਾ ਦੀ ਭੂਮਿਕਾ ਦੀ ਵੀ ਨਿਰਪੱਖ ਜਾਂਚ ਕਰਨ ਦੀ ਮੰਗ ਕੀਤੀ ਗਈ ਹੈ। ਸ਼ਿਕਾਇਤਕਰਤਾਵਾਂ ਦਾ ਕਹਿਣਾ ਹੈ ਕਿ ਜਦੋਂ ਭਰਤੀ ਕਮੇਟੀ ਦੀ ਜ਼ਿੰਮੇਵਾਰੀ ਉਮੀਦਵਾਰਾਂ ਦੇ ਦਸਤਾਵੇਜ਼ਾਂ ਅਤੇ ਯੋਗਤਾਵਾਂ ਦੀ ਜਾਂਚ ਕਰਨੀ ਸੀ ਤਾਂ ਤਜਰਬੇ ਦੇ ਸਰਟੀਫਿਕੇਟ ਦੀ ਪ੍ਰਮਾਣਿਕਤਾ ਕਿਸ ਆਧਾਰ 'ਤੇ ਜਾਂਚੀ ਗਈ ਅਤੇ ਕਥਿਤ ਗੜਬੜੀ ਕਿਵੇਂ ਹੋਈ? ਇਸ ਤੋਂ ਇਲਾਵਾ ਬਲਕਾਰ ਸਿੰਘ ਵੱਲੋਂ ਚੋਣ ਪ੍ਰਕਿਰਿਆ ਵਿੱਚ ਜਾਤੀਗਤ ਭੇਦਭਾਵ ਦੇ ਦੋਸ਼ ਵੀ ਲਗਾਏ ਗਏ ਹਨ। ਇਹ ਮੰਗ ਕੀਤੀ ਗਈ ਹੈ ਕਿ ਇਸ ਗੱਲ ਦੀ ਜਾਂਚ ਕੀਤੀ ਜਾਵੇ ਕਿ ਅਨੁਸੂਚਿਤ ਜਾਤੀ (ਐਸਸੀ) ਵਰਗ ਨਾਲ ਸਬੰਧਤ ਬਲਕਾਰ ਸਿੰਘ ਨੂੰ ਯੋਗ ਘੋਸ਼ਿਤ ਕੀਤੇ ਜਾਣ ਦੇ ਬਾਵਜੂਦ ਚੋਣ ਤੋਂ ਬਾਹਰ ਰੱਖਣ ਦੇ ਕੀ ਕਾਰਨ ਸਨ। ਇਸ ਦੇ ਨਾਲ ਹੀ ਇਹ ਵੀ ਜਾਂਚ ਕੀਤੀ ਜਾਵੇ ਕਿ ਕੀ ਚੋਣ ਪ੍ਰਕਿਰਿਆ ਦੌਰਾਨ ਉਨ੍ਹਾਂ ਨਾਲ ਜਾਤੀ ਦੇ ਆਧਾਰ 'ਤੇ ਭੇਦਭਾਵ ਕੀਤਾ ਗਿਆ ਸੀ।

ਸੀਨੀਅਰ ਅਕਾਲੀ ਆਗੂ ਗੁਰਪ੍ਰੀਤ ਗੁੱਜਰ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕੀਤੀ ਮੁਲਾਕਾਤ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
9 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਦੀਵਾਲੀ ਮੌਕੇ ਸੀਨੀਅਰ ਅਕਾਲੀ ਆਗੂ ਗੁਰਪ੍ਰੀਤ ਗੁੱਜਰ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਆਗੂਆਂ ਨੇ ਇੱਕ-ਦੂਜੇ ਨੂੰ ਦੀਵਾਲੀ, ਵਿਸ਼ਵਕਰਮਾ ਦਿਵਸ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ। ਇਸ ਮੌਕੇ ਗੁਰਪ੍ਰੀਤ ਗੁੱਜਰ ਨੇ ਪਾਰਟੀ ਪ੍ਰਧਾਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਮੁਲਾਕਾਤ ਦੌਰਾਨ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ, ਪਾਰਟੀ ਦੀ ਮਜ਼ਬੂਤੀ ਅਤੇ ਵਰਕਰਾਂ ਦੀ ਭਲਾਈ ਸਬੰਧੀ ਵੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਹੋਇਆ। ਦੋਵਾਂ ਆਗੂਆਂ ਨੇ ਪੰਜਾਬ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੀਵਾਲੀ ਹਨੇਰੇ 'ਤੇ ਚਾਨਣ ਦੀ ਜਿੱਤ ਦਾ ਪ੍ਰਤੀਕ ਹੈ, ਵਿਸ਼ਵਕਰਮਾ ਦਿਵਸ ਕਿਰਤ ਦੀ ਮਹਾਨਤਾ ਦਾ ਸੁਨੇਹਾ ਦਿੰਦਾ ਹੈ ਅਤੇ ਬੰਦੀ ਛੋੜ ਦਿਵਸ ਸਾਨੂੰ ਜ਼ੁਲਮ ਵਿਰੁੱਧ ਡੱਟਣ ਅਤੇ ਮਾਨਵਤਾ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਗੁਰਪ੍ਰੀਤ ਗੁੱਜਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ, ਪੰਜਾਬੀਅਤ ਅਤੇ ਸਿੱਖ ਕੌਮ ਦੇ ਹਿੱਤਾਂ ਲਈ ਡਟ ਕੇ ਖੜ੍ਹਾ ਰਿਹਾ ਹੈ।



ਅਤੇ ਅੱਗੇ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਵਰਕਰ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਤਿਉਹਾਰ ਸਾਨੂੰ ਆਪਸੀ ਭਾਈਚਾਰਾ, ਪਿਆਰ ਅਤੇ ਏਕਤਾ ਬਣਾਈ ਰੱਖਣ ਦਾ ਸੁਨੇਹਾ ਦਿੰਦੇ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਗੁਰਪ੍ਰੀਤ ਗੁੱਜਰ ਨੂੰ ਤਿਉਹਾਰਾਂ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਪਾਰਟੀ ਲਈ ਕੀਤੇ ਜਾ ਰਹੇ ਉਨ੍ਹਾਂ ਦੇ ਯਤਨਾਂ

Happy Birthday



ਵਾਸ਼ੀਮਾ ਸਿੰਘਾ
ਪਿਤਾ : ਨਰੇਸ਼ ਸਿੰਘਾ, ਮਾਤਾ : ਆਸ਼ੂ ਦੇਵੀ, ਸੰਤੋਖਗੜ੍ਹ, ਜ਼ਿਲ੍ਹਾ ਊਨਾ ਨੂੰ 'ਪੈ.ਗਾਮ-ਏ-ਜਗਤ' ਦੇ ਸਮੂਹ ਪਰਿਵਾਰ ਵਲੋਂ ਜਨਮਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ

ਸੁਨਾਮ ਦੇ ਆਈ.ਟੀ.ਆਈ. ਚੌਕ ਦਾ ਨਾਂ 'ਭਗਵਾਨ ਵਿਸ਼ਵਕਰਮਾ ਚੌਕ' ਰੱਖਿਆ, ਇੱਕ ਹਫ਼ਤੇ ਅੰਦਰ ਲੋਕਾਂ ਨੂੰ ਕੀਤਾ ਜਾਵੇਗਾ ਸਮਰਪਿਤ: ਅਮਨ ਅਰੋੜਾ

ਸੁਨਾਮ, 9 ਨਵੰਬਰ
(ਪੈ.ਗਾਮ-ਏ-ਜਗਤ)

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਸ਼ਵਕਰਮਾ ਦਿਵਸ ਮੌਕੇ ਐਲਾਨ ਕੀਤਾ ਕਿ ਸੁਨਾਮ ਦੇ ਆਈ.ਟੀ.ਆਈ. ਚੌਕ ਦਾ ਨਾਂ ਭਗਵਾਨ ਵਿਸ਼ਵਕਰਮਾ ਜੀ ਦੇ ਨਾਂ 'ਤੇ 'ਭਗਵਾਨ ਵਿਸ਼ਵਕਰਮਾ ਚੌਕ' ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਚੌਕ ਦੀ ਮੁੜ ਉਸਾਰੀ ਅਤੇ ਸੁੰਦਰੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਕੰਮ ਇੱਕ ਹਫ਼ਤੇ ਅੰਦਰ ਮੁਕੰਮਲ ਕਰ ਕੇ ਚੌਕ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ।

ਅਰੋੜਾ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਨੂੰ ਸਿਰਜਣਾ, ਕਾਰੀਗਰੀ ਅਤੇ ਨਿਰਮਾਣ ਕਲਾ ਦੇ ਪ੍ਰੇਰਣਾ ਸਰੋਤ ਵਜੋਂ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਿਸ਼ਵਕਰਮਾ ਦਿਵਸ ਮੌਕੇ ਉਨ੍ਹਾਂ ਨੇ ਇਲਾਕਾ ਵਾਸੀਆਂ ਨਾਲ ਆਈ.ਟੀ.ਆਈ. ਚੌਕ ਨੂੰ ਭਗਵਾਨ ਵਿਸ਼ਵਕਰਮਾ ਜੀ ਦੇ ਨਾਂ 'ਤੇ ਵਿਕਸਿਤ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸੁੰਦਰੀਕਰਨ ਤੋਂ ਬਾਅਦ ਇਹ ਚੌਕ ਸੁਨਾਮ ਦੇ ਪ੍ਰਵੇਸ਼ ਦੁਆਰ ਦੀ ਦਿੱਖ ਨਿਖਾਰੇਗਾ

- **ਵਿਸ਼ਵਕਰਮਾ ਦਿਵਸ ਮੌਕੇ ਪਿਛਲੇ ਸਾਲ ਇਲਾਕਾ ਵਾਸੀਆਂ ਨਾਲ ਕੀਤਾ ਵਾਅਦਾ ਨਿਭਾਇਆ**



ਅਤੇ ਇਸ ਦੀ ਕਾਰੀਗਰੀ ਦੂਰੋਂ ਆਉਣ ਵਾਲੇ ਲੋਕਾਂ ਲਈ ਵੀ ਖਿੱਚ ਦਾ ਕੇਂਦਰ ਬਣੇਗੀ। ਆਵਾਜਾਈ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੀ ਅਰੋੜਾ ਨੇ ਕਿਹਾ ਕਿ ਇਹ ਚੌਕ ਪਟਿਆਲਾ, ਬਰਨਾਲਾ-ਬਠਿੰਡਾ ਅਤੇ ਲਹਿਰਾਗਾਗਾ ਵੱਲ ਜਾਣ ਵਾਲੀਆਂ ਮੁੱਖ ਸੜਕਾਂ ਨੂੰ ਜੋੜਦਾ ਹੈ। ਸਾਹਮਣੇ ਆਈ.ਟੀ.ਆਈ. ਹੋਣ ਕਾਰਨ ਵੀ ਇੱਥੇ ਆਵਾਜਾਈ ਦਾ ਦਬਾਅ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਚੌਕ ਦਾ ਡਿਜ਼ਾਈਨ ਤੈਅ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਅਧਿਕਾਰੀਆਂ ਅਤੇ ਮਾਹਿਰਾਂ ਨਾਲ ਕਈ ਮੀਟਿੰਗਾਂ ਕਰ ਕੇ ਵੱਖ-ਵੱਖ ਦਿਸ਼ਾਵਾਂ ਤੋਂ ਆਉਣ ਵਾਲੇ ਵਾਹਨਾਂ ਦੀ ਆਵਾਜਾਈ ਪ੍ਰਬੰਧਨ ਦਾ ਜਾਇਜ਼ਾ ਲਿਆ। ਕੈਬਨਿਟ ਮੰਤਰੀ ਨੇ ਦੱਸਿਆ ਕਿ ਨਵੇਂ ਡਿਜ਼ਾਈਨ ਅਨੁਸਾਰ ਚੌਕ ਵਿੱਚ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ। ਉਨ੍ਹਾਂ ਕਿਹਾ ਕਿ ਚੌਕ 'ਤੇ ਸੀਮਤ ਥਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹਾ ਡਿਜ਼ਾਈਨ ਤਿਆਰ ਕੀਤਾ ਗਿਆ ਹੈ ਜਿਸ ਨਾਲ ਆਸ-ਪਾਸ ਦੇ ਦੁਕਾਨਦਾਰਾਂ ਅਤੇ ਵਸਨੀਕਾਂ ਦੀਆਂ ਇਮਾਰਤਾਂ ਨੂੰ ਬੇਲੋੜੀ ਤੋੜ-ਭੰਨ ਤੋਂ ਬਚਾਉਂਦਿਆਂ ਆਵਾਜਾਈ ਸੁਚਾਰੂ ਬਣਾਈ ਜਾ ਸਕੇ।

ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਦੇ ਨਾਲ-ਨਾਲ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਚੌਕ ਦੀ ਮੁੜ ਉਸਾਰੀ ਅਤੇ ਨਵੇਂ ਆਵਾਜਾਈ ਪ੍ਰਬੰਧਾਂ ਨਾਲ ਇਸ ਥਾਂ 'ਤੇ ਲੰਮੇ ਸਮੇਂ ਤੋਂ ਪੇਸ਼ ਆ ਰਹੀ ਜਾਮ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਇਸ ਮੌਕੇ ਵੱਖ ਵੱਖ ਅਹੁਦੇਦਾਰ, ਪਤਵੰਤੇ ਅਤੇ ਵੱਡੀ ਗਿਣਤੀ ਸ਼ਹਿਰ ਵਾਸੀ ਹਾਜ਼ਰ ਸਨ।

ਦੀਵਾਲੀ ਤੇ ਬੰਦੀ ਛੋੜ ਦਿਵਸ ਮੌਕੇ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਨਤਮਸਤਕ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

ਦਿੜ੍ਹਬਾ, 9 ਨਵੰਬਰ
(ਪੈ.ਗਾਮ-ਏ-ਜਗਤ)

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੇ ਸ਼ੁਭ ਮੌਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਿੜ੍ਹਬਾ ਦੇ ਵੱਖ-ਵੱਖ ਧਾਰਮਿਕ ਅਸਥਾਨਾਂ ਵਿਖੇ ਨਤਮਸਤਕ ਹੋਏ। ਉਨ੍ਹਾਂ ਨੇ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਅਮਨ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਦੀਵੇ ਵੀ ਜਗਾਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਸੰਗਤ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਸ੍ਰ

- **ਗੁਰਦੁਆਰਾ ਸਾਹਿਬ ਵਿਖੇ ਦੀਵੇ ਜਗਾਏ ਅਤੇ ਅਮਨ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ**



ਚੀਮਾ ਨੇ ਕਿਹਾ ਕਿ ਅਜਿਹੇ ਪਵਿੱਤਰ ਦਿਹਾੜੇ ਸਾਨੂੰ ਸਾਂਝੀਵਾਲਤਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੀ ਪ੍ਰੇਰਣਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਾਨੂੰ ਸੇਵਾ ਕਰਨ ਅਤੇ ਸਰਬੱਤ ਦਾ

ਮਿੰਨੀ ਕਹਾਣੀ ਸੰਗ੍ਰਹਿ 'ਤਰਾਸ਼ੇ ਪੱਥਰ': ਮਾਨਵੀ ਸੰਵੇਦਨਾ, ਸਮਾਜਿਕ ਸਰੋਕਾਰਾਂ ਅਤੇ ਕਲਾਤਮਿਕ ਚੇਤਨਾ ਦਾ ਸਿਰਜਣਾਤਮਕ ਪ੍ਰਗਟਾਵਾ

ਮਿੰਨੀ ਕਹਾਣੀਕਾਰ
ਡਾ. ਗੁਰਵਿੰਦਰ ਅਮਨ

ਪੰਜਾਬੀ ਮਿੰਨੀ ਕਹਾਣੀ ਵਿਧਾ ਨੇ ਸਾਹਿਤ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਸਥਾਪਿਤ ਕੀਤੀ ਹੈ। ਇਹ ਵਿਧਾ ਆਕਾਰ ਪੱਖੋਂ ਭਾਵੇਂ ਛੋਟੀ ਹੁੰਦੀ ਹੈ, ਪਰ ਆਪਣੇ ਅਰਥਾਂ, ਵਿਚਾਰਾਂ ਅਤੇ ਪ੍ਰਭਾਵ ਪੱਖੋਂ ਬਹੁਤ ਵਿਸ਼ਾਲ ਹੁੰਦੀ ਹੈ। ਮਿੰਨੀ ਕਹਾਣੀ ਦਾ ਮੂਲ ਆਧਾਰ ਜੀਵਨ ਦੇ ਕਿਸੇ ਅਜਿਹੇ ਮਹੱਤਵਪੂਰਨ ਪਲ, ਘਟਨਾ, ਵਰਤਾਰੇ ਜਾਂ ਵਿਸੰਗਤੀ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰਨਾ ਹੈ, ਜਿਹੜਾ ਪਾਠਕ ਦੀ ਮਾਨਵੀ ਚੇਤਨਾ ਨੂੰ ਝੰਜੋੜਨ ਦੇ ਨਾਲ ਉਸ ਨੂੰ ਸੋਚਣ ਲਈ ਮਜਬੂਰ ਕਰ ਦੇਵੇ। ਇਸ ਵਿਧਾ ਵਿੱਚ ਸ਼ਬਦਾਂ ਦੀ ਬਹੁਲਤਾ ਦੀ ਬਜਾਏ ਸੰਕੇਤਕਤਾ, ਸੰਜਮ, ਸੰਖੇਪਤਾ, ਪ੍ਰਭਾਵਸ਼ਾਲੀ ਸੰਵਾਦ ਅਤੇ ਅਰਥਾਂ ਦੀ ਡੂੰਘਾਈ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ।

ਡਾ. ਗੁਰਵਿੰਦਰ ਅਮਨ ਦਾ ਮਿੰਨੀ ਕਹਾਣੀ ਸੰਗ੍ਰਹਿ 'ਤਰਾਸ਼ੇ ਪੱਥਰ' ਇਸੇ ਸਿਰਜਣਾਤਮਿਕ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ। ਇਸ ਸੰਗ੍ਰਹਿ ਵਿੱਚ ਕੁੱਲ 52 ਮਿੰਨੀ ਕਹਾਣੀਆਂ ਸ਼ਾਮਲ ਹਨ, ਜਿਨ੍ਹਾਂ ਦੇ ਵਿਸ਼ੇ ਸਮਾਜਿਕ, ਧਾਰਮਿਕ, ਆਰਥਿਕ, ਪਰਿਵਾਰਕ, ਮਨੋਵਿਗਿਆਨਕ ਅਤੇ ਮਾਨਵੀ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਸਬੰਧਿਤ ਹਨ। ਲੇਖਕ ਪੇਸ਼ੇ ਵਜੋਂ ਬੀ.ਏ.ਐੱਮ.ਐੱਸ. ਡਾਕਟਰ ਹਨ ਅਤੇ ਮੈਡੀਕਲ ਖੇਤਰ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਦਾ ਮਨੁੱਖੀ ਜੀਵਨ ਦੇ ਦੁੱਖਾਂ, ਤਕਲੀਫ਼ਾਂ ਅਤੇ ਸੰਵੇਦਨਾਵਾਂ ਨਾਲ ਨੇੜਲਾ ਵਾਹ-ਵਾਸਤਾ ਹੈ। ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਸੰਵੇਦਨਸ਼ੀਲਤਾ, ਮਿਲਣਸਾਰਤਾ ਅਤੇ ਸਾਹਿਤਕ ਰੁਚੀ ਦਾ ਸੁਮੇਲ ਹੈ। ਉਹ ਕਵਿਤਾ ਵੀ ਲਿਖਦੇ ਹਨ। ਸੰਗ੍ਰਹਿ ਦਾ ਸਿਰਲੇਖ 'ਤਰਾਸ਼ੇ ਪੱਥਰ' ਵੀ ਕਾਵਿਕ ਅਰਥਾਂ ਵਾਲੀ ਸਤਰ ਤੋਂ ਪ੍ਰੇਰਿਤ ਹੈ:


ਤਰਾਸ਼ੇ ਨਾ ਥੇ, ਪੱਥਰ ਥੇ,
ਤਰਾਸ਼ੇ ਤੋ ਭਗਵਾਨ ਬਨੇ!

ਇਹ ਸਤਰ ਮਨੁੱਖੀ ਜੀਵਨ ਵਿੱਚ ਸੰਸਕਾਰਾਂ, ਸਿੱਖਿਆ, ਚੇਤਨਾ ਅਤੇ ਸਿਰਜਣਾਤਮਿਕ ਘਾੜਤ ਦੇ ਮਹੱਤਵ ਨੂੰ ਪ੍ਰਤੀਕਾਤਮਿਕ ਰੂਪ ਵਿੱਚ ਪ੍ਰਗਟ ਕਰਦੀ ਹੈ। ਡਾ. ਅਮਨ ਲੋਕ ਸਾਹਿਤ ਸੰਗਮ (ਰਜਿ.) ਰਾਜਪੁਰਾ ਦੇ ਪ੍ਰਧਾਨ ਵਜੋਂ ਵੀ ਸਾਹਿਤਕ ਸਰਗਰਮੀਆਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਸਾਹਿਤਕ ਗੋਸ਼ਟੀਆਂ ਅਤੇ ਵਿਚਾਰ-ਚਰਚਾਵਾਂ ਵਿੱਚ ਸ਼ਮੂਲੀਅਤ ਨੇ ਉਨ੍ਹਾਂ ਨੂੰ ਮਿੰਨੀ ਕਹਾਣੀ ਦੇ ਸਿਧਾਂਤਕ ਅਤੇ ਵਿਧਾਗਤ ਪੱਖਾਂ ਨਾਲ ਜੋੜਿਆ ਹੈ।

ਮਿੰਨੀ ਕਹਾਣੀ ਦੀ ਵਿਧਾਗਤ ਵਿਸ਼ੇਸ਼ਤਾ

ਮਿੰਨੀ ਕਹਾਣੀ ਦਾ ਸਭ ਤੋਂ ਮਹੱਤਵਪੂਰਨ ਗੁਣ ਇਸ ਦੀ ਸੰਖੇਪਤਾ ਦੇ ਅੰਦਰ ਵਿਸ਼ਾਲ ਅਰਥ ਸਮੋਣ ਦੀ ਸਮਰੱਥਾ ਹੈ। ਇਸ ਵਿੱਚ ਨਾਵਲ ਵਾਂਗ ਵਿਸਤ੍ਰਿਤ ਪਾਤਰ-ਚਿਤਰਨ, ਕਹਾਣੀ ਵਾਂਗ ਲੰਮਾ ਘਟਨਾਕ੍ਰਮ ਅਤੇ ਬੇਲੋੜੇ ਵਰਨਣ ਦੀ ਗੁੰਜਾਇਸ਼ ਨਹੀਂ ਹੁੰਦੀ। ਇੱਕ ਕੇਂਦਰੀ ਘਟਨਾ, ਸੀਮਤ ਪਾਤਰ, ਸਾਰਥਕ ਸੰਵਾਦ, ਸੂਖਮ ਸੰਕੇਤ ਅਤੇ ਪ੍ਰਭਾਵਸ਼ਾਲੀ ਅੰਤ ਇਸ ਦੀ ਬਣਤਰ ਦੇ ਅਹਿਮ ਅੰਗ ਹਨ।

ਡਾ. ਗੁਰਵਿੰਦਰ ਅਮਨ ਦੀਆਂ ਕਹਾਣੀਆਂ ਵਿੱਚ ਸੰਵਾਦ ਵਿਧੀ ਦੀ ਵਿਸ਼ੇਸ਼ ਭੂਮਿਕਾ ਹੈ। ਉਹ ਪਾਤਰਾਂ ਦੇ ਮੂੰਹੋਂ ਅਜਿਹੇ ਬੋਲ ਬੁਲਵਾਉਂਦੇ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਦੀ ਮਾਨਸਿਕਤਾ, ਸਮਾਜਿਕ ਸਥਿਤੀ ਅਤੇ ਵਿਚਾਰਧਾਰਾ ਆਪਣੇ ਆਪ ਉਜਾਗਰ ਹੋ ਜਾਂਦੀ ਹੈ। ਕਈ ਕਹਾਣੀਆਂ ਵਿੱਚ ਵਿਅੰਗ, ਕਟਾਕਸ਼ ਅਤੇ ਵਿਡੰਬਨਾ ਦੀ ਵਰਤੋਂ ਕੀਤੀ ਗਈ ਹੈ। ਲੇਖਕ ਕਥਾ ਨੂੰ ਉਪਦੇਸ਼ਾਤਮਿਕ ਬਣਾਉਣ ਦੀ ਬਜਾਏ ਘਟਨਾ ਅਤੇ ਸੰਵਾਦ ਰਾਹੀਂ ਆਪਣਾ ਸੰਦੇਸ਼ ਪਾਠਕ ਤੱਕ ਪਹੁੰਚਾਉਂਦਾ ਹੈ।



ਪੈ.ਗਾਮ
ਪੈ.ਗਾਮ-ਏ-ਜਗਤ
ਜਗਤ

ਸਮਾਜਿਕ ਸਰੋਕਾਰ ਅਤੇ ਮਨੁੱਖੀ ਰਿਸ਼ਤੇ

ਸੰਗ੍ਰਹਿ ਦੀ ਕਹਾਣੀ 'ਰਿਸ਼ਤਾ' ਮਨੁੱਖੀ ਸਾਂਝ ਅਤੇ ਖ਼ੂਨ ਦੇ ਰਿਸ਼ਤੇ ਦੀ ਪਰਿਭਾਸ਼ਾ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ। ਕਹਾਣੀ ਦਾ ਪਾਤਰ ਆਪਣੇ ਗੁਆਂਢੀ ਨੂੰ ਖ਼ੂਨ ਦਿੰਦਾ ਹੈ, ਪਰ ਮਰੀਜ਼ ਦੀ ਮੌਤ ਹੋ ਜਾਂਦੀ ਹੈ। ਉਸ ਸਮੇਂ ਉਸ ਦੇ ਮੂੰਹੋਂ ਵੀ ਭੁੱਬ ਨਿਕਲਦੀ ਹੈ ਕਿਉਂਕਿ ਖ਼ੂਨ ਦੇਣ ਨਾਲ ਉਸ ਦਾ ਵੀ ਇੱਕ ਨਵਾਂ ਖ਼ੂਨੀ ਰਿਸ਼ਤਾ ਬਣ ਗਿਆ ਹੈ। ਇੱਥੇ ਲੇਖਕ ਨੇ ਜਨਮ ਤੋਂ ਬਣੇ ਰਿਸ਼ਤਿਆਂ ਦੀ ਬਜਾਏ ਮਾਨਵੀ ਸਾਂਝ ਨੂੰ ਵਧੇਰੇ ਮਹੱਤਵ ਦਿੱਤਾ ਹੈ।

'ਧਰਮੀ ਯਾਰ' ਧਾਰਮਿਕ ਕੱਟੜਤਾ ਅਤੇ ਅਸਹਿਣਸ਼ੀਲਤਾ ਉੱਤੇ ਤਿੱਖਾ ਵਿਅੰਗ ਹੈ। ਦੋ ਪੁਰਾਣੇ ਮਿੱਤਰ ਧਰਮ ਦੇ ਨਾਂ 'ਤੇ ਮੁਰਗੇ ਨੂੰ ਮਾਰਨ ਦੇ ਢੰਗ ਬਾਰੇ ਆਪਸ ਵਿੱਚ ਉਲਝ ਜਾਂਦੇ ਹਨ। ਅੰਤ ਵਿੱਚ ਦੋਵਾਂ ਦੀਆਂ ਲਾਸ਼ਾਂ ਧਰਤੀ ਉੱਤੇ ਪਈਆਂ ਹੁੰਦੀਆਂ ਹਨ ਅਤੇ ਮੁਰਗਾ ਉੱਡ ਜਾਂਦਾ ਹੈ। ਇਹ ਅੰਤ ਬਹੁਤ ਪ੍ਰਭਾਵਸ਼ਾਲੀ ਹੈ। ਲੇਖਕ ਨੇ ਧਰਮ ਦੇ ਅਸਲ ਮਾਨਵੀ ਸੰਦੇਸ਼ ਤੋਂ ਦੂਰ ਹੋ ਕੇ ਧਾਰਮਿਕ ਪਛਾਣ ਨੂੰ ਹਉਮੈ ਦਾ ਸਾਧਨ ਬਣਾਉਣ ਵਾਲੀ ਮਾਨਸਿਕਤਾ ਉੱਤੇ ਕਰਾਰੀ ਚੋਟ ਕੀਤੀ ਹੈ।

'ਦੁਨੀਆਦਾਰੀ' ਵਿੱਚ ਔਰਤ ਦੇ ਘੁੰਡ ਅਤੇ ਸਮਾਜਿਕ ਦਿਖਾਵੇ ਦੇ ਦੋਹਰੇ ਮਾਪਦੰਡਾਂ ਨੂੰ ਪੇਸ਼ ਕੀਤਾ ਗਿਆ ਹੈ। ਅੰਨ੍ਹੇ ਜੇਠ ਤੋਂ ਘੁੰਡ ਕੱਢਣ ਦੀ ਸਲਾਹ ਦੇਣ ਵਾਲੀ ਸੱਸ ਦਾ ਇਹ ਕਹਿਣਾ ਕਿ ਕਲੰਕ ਤਾਂ ਛੜੇ ਦਾ ਹੀ ਹੈ, ਪਿੱਤਰਸੱਤਾਤਮਕ ਸਮਾਜ ਦੀ ਵਿਡੰਬਨਾ ਨੂੰ ਸਾਹਮਣੇ ਲਿਆਉਂਦਾ ਹੈ। 'ਸਾਈਂ ਸੁਹਾਗ' ਵਿੱਚ ਸ਼ਰਾਬੀ ਪਤੀ ਦੀ ਮੌਤ ਤੋਂ ਬਾਅਦ ਵੀ ਔਰਤ ਵੱਲੋਂ ਉਸ ਨੂੰ ਆਪਣਾ ਸੁਹਾਗ ਮੰਨਣ ਦੀ ਮਾਨਸਿਕਤਾ ਪੇਸ਼ ਹੁੰਦੀ ਹੈ। ਇਹ ਕਹਾਣੀ ਔਰਤ ਦੀ ਸਮਾਜਿਕ ਮਜਬੂਰੀ ਅਤੇ ਪਰੰਪਰਾਗਤ ਸੋਚ ਨੂੰ ਉਜਾਗਰ ਕਰਦੀ ਹੈ।

'ਬੇਜ਼ੁਬਾਨ' ਸੰਗ੍ਰਹਿ ਦੀਆਂ ਬਹੁਤ ਪ੍ਰਭਾਵਸ਼ਾਲੀ ਕਹਾਣੀਆਂ ਵਿੱਚੋਂ ਇੱਕ ਹੈ। ਮਾਂ ਆਪਣੇ ਪੁੱਤਰ ਨੂੰ ਮੱਕੜੀ ਵਾਲਾ ਦੁੱਧ ਨੌਕਰ ਰਾਮੂ ਨੂੰ ਦੇਣ ਲਈ ਕਹਿੰਦੀ ਹੈ, ਪਰ ਬੱਚਾ ਸਵਾਲ ਕਰਦਾ ਹੈ ਕਿ ਜੇਕਰ ਉਹ ਇਹ ਦੁੱਧ ਨਹੀਂ ਪੀ ਸਕਦਾ ਤਾਂ ਰਾਮੂ ਕਿਉਂ ਪੀਵੇ? ਉਹ ਇਸ ਨੂੰ ਕੁੱਤੇ ਨੂੰ ਪਾਉਣ ਦੀ ਗੱਲ ਕਰਦਾ ਹੈ। ਬੱਚੇ ਦੇ ਮਾਸੂਮ ਸਵਾਲ ਰਾਹੀਂ ਲੇਖਕ ਨੇ ਜਾਤੀ, ਵਰਗ ਅਤੇ ਆਰਥਿਕ ਅਸਮਾਨਤਾ ਦੇ ਆਧਾਰ 'ਤੇ ਮਨੁੱਖਾਂ ਨਾਲ ਕੀਤੇ ਜਾਂਦੇ ਵਿਤਕਰੇ ਨੂੰ ਬੇਨਕਾਬ ਕੀਤਾ ਹੈ। ਇਸ ਕਹਾਣੀ ਵਿੱਚ ਬਾਲ ਮਨ ਦੀ ਨਿਰਮਲਤਾ ਵੱਡਿਆਂ ਦੀ ਸਮਾਜਿਕ ਸੋਚ ਨਾਲੋਂ ਵਧੇਰੇ ਉੱਚੀ ਦਿਖਾਈ ਦਿੰਦੀ ਹੈ।

ਆਰਥਿਕ ਅਸਮਾਨਤਾ, ਸ਼ੋਸ਼ਣ ਅਤੇ ਸਮਾਜਿਕ ਵਿਡੰਬਨਾ

'ਚੰਗੀ ਨੌਕਰੀ' ਵਿੱਚ ਗਰੀਬ ਅਤੇ ਕਮਜ਼ੋਰ ਸਗੀਰ ਵਾਲੇ ਨੌਜਵਾਨ ਨੂੰ ਫੈਕਟਰੀ ਵਿੱਚ ਕੰਮ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਜਦੋਂਕਿ ਤੰਦਰੁਸਤ ਸਾਧ ਨੂੰ ਕੰਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸਾਧ ਵੱਲੋਂ ਆਪਣੀ ਮੰਗਣ ਦੀ ਕਮਾਈ ਅਤੇ ਖਰਚਿਆਂ ਦਾ ਹਵਾਲਾ ਦੇਣਾ ਸਮਾਜ ਵਿੱਚ ਮਿਹਨਤ ਤੋਂ ਬਚਣ ਅਤੇ ਧਾਰਮਿਕ ਭੇਖ ਦੀ ਆੜ ਵਿੱਚ ਜੀਵਨ ਬਤੀਤ ਕਰਨ ਦੀ ਪ੍ਰਵਿਰਤੀ ਉੱਤੇ ਵਿਅੰਗ ਕਰਦਾ ਹੈ।

'ਜੱਟ ਦਾ ਪੁੱਤ' ਜਾਤੀਗਤ ਹਉਮੈ, ਰਾਖਵੇਂਕਰਨ ਅਤੇ ਆਰਥਿਕ ਹਕੀਕਤਾਂ ਦੇ ਟਕਰਾਅ ਨੂੰ ਪੇਸ਼ ਕਰਦੀ ਹੈ। ਦੌਲਤ ਸਿੰਘ ਦੀਆਂ ਤਿੰਨ ਪੁਸ਼ਤਾਂ ਦੀ ਗਰੀਬੀ ਅਤੇ ਬੇਰੁਜ਼ਗਾਰੀ ਉਸ ਦੀ ਸਮਾਜਿਕ ਸਥਿਤੀ ਨੂੰ ਉਜਾਗਰ ਕਰਦੀ ਹੈ। ਜਾਤੀ ਦੇ ਨਾਂ 'ਤੇ ਮਾਣ ਕਰਨ ਵਾਲੇ ਵਿਅਕਤੀ ਦੀ ਅਸਲ ਆਰਥਿਕ ਹਾਲਤ ਕਿੰਨੀ ਕਮਜ਼ੋਰ ਹੋ ਸਕਦੀ ਹੈ, ਲੇਖਕ ਇਸ ਨੂੰ ਬੜੀ ਸੂਖਮਤਾ ਨਾਲ ਪੇਸ਼ ਕਰਦਾ ਹੈ।

'ਰੌਸ਼ਨੀ' ਵਿੱਚ ਬਿਜਲੀ ਦੀ ਆਮਦ ਨੂੰ ਵਿਕਾਸ ਦਾ ਪ੍ਰਤੀਕ ਮੰਨਣ ਵਾਲੇ ਪਰਿਵਾਰ ਦੀ ਔਰਤ ਆਪਣੀ ਗਰੀਬੀ ਦੀ ਅਸਲੀਅਤ ਲੁਕਾਉਣ ਲਈ ਹਨੇਰੇ ਨੂੰ ਹੀ ਚੰਗਾ ਸਮਝਦੀ ਹੈ। ਥਾਲੀ ਵਿੱਚ ਦਾਲ ਦੇ ਦਾਣੇ ਨਾ ਹੋਣ ਅਤੇ ਪੁਰਾਣੇ ਕੱਪੜੇ ਧੋ ਕੇ ਦੁਬਾਰਾ ਪਹਿਨਣ ਦੀ ਮਜਬੂਰੀ ਇਸ ਕਹਾਣੀ ਨੂੰ ਸਮਾਜਿਕ ਯਥਾਰਥ ਨਾਲ ਜੋੜਦੀ ਹੈ। ਇੱਥੇ ਹਨੇਰਾ ਸਿਰਫ਼ ਬਿਜਲੀ ਦੀ ਅਣਹੋਂਦ ਨਹੀਂ, ਸਗੋਂ ਗਰੀਬੀ ਨੂੰ ਲੁਕਾਉਣ ਦਾ ਪ੍ਰਤੀਕ ਬਣ ਜਾਂਦਾ ਹੈ।

'ਖੋਖਲਾ ਆਦਮੀ' ਭ੍ਰਿਸ਼ਟਾਚਾਰ ਦੀ ਮਾਨਸਿਕਤਾ ਉੱਤੇ ਵਿਅੰਗ ਕਰਦੀ ਹੈ। ਹਸਪਤਾਲ ਦੀਆਂ ਦਵਾਈਆਂ, ਸਾਜ਼ੋ-ਸਾਮਾਨ ਅਤੇ ਦਰੱਖਤਾਂ ਤੱਕ ਨੂੰ ਹੜੱਪਣ ਵਾਲੇ ਅਧਿਕਾਰੀ ਦਾ ਬਾਹਰੀ ਮੋਟਾਪਾ ਅਤੇ ਅੰਦਰੂਨੀ ਖੋਖਲਾਪਣ ਇੱਕ ਪ੍ਰਭਾਵਸ਼ਾਲੀ ਪ੍ਰਤੀਕਾਤਮਿਕ ਚਿੱਤਰ ਸਿਰਜਦਾ ਹੈ। 'ਕੰਮ ਚੋਰ' ਵਿੱਚ ਅਫ਼ਸਰਸ਼ਾਹੀ ਦੇ ਹੰਕਾਰ ਅਤੇ ਆਪਣੇ ਅਧੀਨ ਕਰਮਚਾਰੀਆਂ ਪ੍ਰਤੀ ਅਪਮਾਨਜਨਕ ਰਵੱਈਏ ਨੂੰ ਉਜਾਗਰ ਕੀਤਾ ਗਿਆ ਹੈ।

ਧਾਰਮਿਕ ਪਾਖੰਡ ਅਤੇ ਮਨੋਵਿਗਿਆਨਕ ਪੱਖ

'ਭਗਤ ਸਮਾਧਾਂ ਦਾ' ਵਿੱਚ ਭੇਖਧਾਰੀ ਬਾਬੇ ਦੇ ਦੋਹਰੇ ਜੀਵਨ ਨੂੰ ਸਾਹਮਣੇ ਲਿਆਂਦਾ ਗਿਆ ਹੈ। ਲੋਕਾਂ ਦੀ ਅੰਧ-ਸ਼ਰਧਾ ਅਤੇ ਬਾਬੇ ਦੇ ਪੁਰਾਣੇ ਕਿਰਦਾਰ ਵਿਚਲਾ ਵਿਰੋਧ ਕਹਾਣੀ ਨੂੰ ਵਿਅੰਗਾਤਮਿਕ ਪ੍ਰਭਾਵ ਦਿੰਦਾ ਹੈ। 'ਸਹਿਮ' ਵਿੱਚ ਦਸ ਸਾਲਾ ਮੁਕੇਸ਼ ਗੁਰਦੁਆਰੇ ਵਿੱਚ ਸ਼ਰਧਾ ਨਾਲ ਜਾਂਦਾ ਹੈ, ਪਰ ਸੇਵਾਦਾਰ ਵੱਲੋਂ ਕੀਤੀ ਗਈ ਝਿੜਕ ਉਸ ਦੇ ਬਾਲ ਮਨ ਵਿੱਚ ਡਰ ਪੈਦਾ ਕਰ ਦਿੰਦੀ ਹੈ। ਇਹ ਕਹਾਣੀ ਧਾਰਮਿਕ ਅਸਥਾਨਾਂ ਵਿੱਚ ਪਿਆਰ, ਸਹਿਣਸ਼ੀਲਤਾ ਅਤੇ ਬੱਚਿਆਂ ਪ੍ਰਤੀ ਸੰਵੇਦਨਸ਼ੀਲ ਵਿਹਾਰ ਦੀ ਲੋੜ ਨੂੰ ਦਰਸਾਉਂਦੀ ਹੈ।

'ਜੰਮਪਲ' ਵਿੱਚ ਬੱਚੇ ਦਾ ਸਧਾਰਨ ਜਿਹਾ ਸਵਾਲ ਬਾਲ ਮਨ ਦੀ ਤਰਕਸ਼ੀਲਤਾ ਨੂੰ ਪ੍ਰਗਟ ਕਰਦਾ ਹੈ। ਪਿਤਾ ਵੱਲੋਂ ਬੱਚਿਆਂ ਦੇ ਪਾਲਣ-ਪੋਸ਼ਣ ਨੂੰ ਆਪਣੀ ਪ੍ਰਾਪਤੀ ਦੱਸਣ ਅਤੇ ਬੱਚੇ ਵੱਲੋਂ ਪਰਮਾਤਮਾ ਦੀ ਸਰਬਵਿਆਪਕਤਾ ਬਾਰੇ ਪਿਤਾ ਨੂੰ ਯਾਦ ਕਰਵਾਉਣ ਵਿੱਚ ਡੂੰਘਾ ਵਿਚਾਰਧਾਰਕ ਸੰਕੇਤ ਮੌਜੂਦ ਹੈ।



ਡਾ. ਨਾਇਬ ਸਿੰਘ ਮੰਡੇਰ
ਚਿੰਤਕ ਅਤੇ ਸਾਹਿਤ ਆਲੋਚਕ
ਮੰਡੇਰ ਕੰਪਲੈਕਸ ,ਮੇਨ ਬਾਜ਼ਾਰ
ਰਤੀਆ-125051 (ਹਰਿਆਣਾ)
8168455601

ਪਰਿਵਾਰਕ ਜੀਵਨ ਅਤੇ ਔਰਤ ਦੀ ਹੋਂਦ

'ਤੰਦ' ਇੱਕ ਵਿਸਤ੍ਰਿਤ ਅਤੇ ਮਨੋਵਿਗਿਆਨਕ ਪੱਖ ਵਾਲੀ ਮਿੰਨੀ ਕਹਾਣੀ ਹੈ। ਇਸ ਵਿੱਚ ਗਰੀਬੀ, ਬੇਰੁਜ਼ਗਾਰੀ, ਪਤੀ-ਪਤਨੀ ਦੀਆਂ ਇੱਛਾਵਾਂ, ਆਰਥਿਕ ਮਜਬੂਰੀਆਂ ਅਤੇ ਘਰੇਲੂ ਹਿੰਸਾ ਨੂੰ ਪੇਸ਼ ਕੀਤਾ ਗਿਆ ਹੈ। ਰੇਸ਼ਮੀ ਡਿਸਕੋ ਦਾ ਸੂਟ ਸਿਰਫ਼ ਕੱਪੜੇ ਦੀ ਇੱਛਾ ਨਹੀਂ, ਸਗੋਂ ਔਰਤ ਦੀ ਆਪਣੀ ਸਮਾਜਿਕ ਪਛਾਣ ਅਤੇ ਸਨਮਾਨ ਨਾਲ ਜੁੜਿਆ ਪ੍ਰਤੀਕ ਵੀ ਬਣ ਜਾਂਦਾ ਹੈ। ਪਤੀ ਵੱਲੋਂ ਥੱਪੜ ਮਾਰਨ ਨਾਲ ਰਿਸ਼ਤੇ ਦੀ ਤੰਦ ਟੁੱਟ ਜਾਂਦੀ ਹੈ। ਦੋ ਸਾਲ ਬਾਅਦ ਖਰਚੇ ਦੀ ਵਸੂਲੀ ਲਈ ਆਏ ਸੰਮਨ ਕਥਾ ਨੂੰ ਇੱਕ ਨਵੀਂ ਸਮਾਜਿਕ ਅਤੇ ਕਾਨੂੰਨੀ ਹਕੀਕਤ ਨਾਲ ਜੋੜ ਦਿੰਦੇ ਹਨ। ਇਸ ਕਹਾਣੀ ਵਿੱਚ ਲੇਖਕ ਨੇ ਘਰੇਲੂ ਹਿੰਸਾ ਦੇ ਗੰਭੀਰ ਨਤੀਜਿਆਂ ਨੂੰ ਉਭਾਰਿਆ ਹੈ।

'ਮਾਂ ਮੈਨੂੰ ਭੂਆ ਲੈ ਦੇ' ਵਿੱਚ ਬੱਚੇ ਦੀ ਮਾਸੂਮ ਇੱਛਾ ਰਾਹੀਂ ਕੁੜੀ ਦੇ ਜਨਮ ਪ੍ਰਤੀ ਸਮਾਜਿਕ ਨਜ਼ਰੀਏ ਉੱਤੇ ਸਵਾਲ ਖੜ੍ਹਾ ਕੀਤਾ ਗਿਆ ਹੈ। ਮਾਂ ਵੱਲੋਂ ਅਗਲੇ ਬੱਚੇ ਲਈ ਭੂਆ ਦੀ ਸੰਭਾਵਨਾ ਬਾਰੇ ਸੋਚਣਾ ਅਤੇ ਅਲਟਰਾਸਾਊਂਡ ਤੋਂ ਬਾਅਦ ਗਰਭਪਾਤ ਦਾ ਵਿਚਾਰ ਤਿਆਗਣਾ ਕਹਾਣੀ ਨੂੰ ਸਮਾਜਿਕ ਚੇਤਨਾ ਦਾ ਮਹੱਤਵਪੂਰਨ ਪੱਖ ਪ੍ਰਦਾਨ ਕਰਦਾ ਹੈ।

ਅੰਤਿਮ ਕਹਾਣੀ 'ਆਖਰੀ ਕਤਰਾ' ਦਾ ਕਲਾਤਮਿਕ ਮਹੱਤਵ

ਸੰਗ੍ਰਹਿ ਦੀ ਅੰਤਿਮ ਕਹਾਣੀ 'ਆਖਰੀ ਕਤਰਾ' ਵਿਸ਼ੇਸ਼ ਧਿਆਨ ਦੀ ਹੱਕਦਾਰ ਹੈ। ਇਸ ਵਿੱਚ ਇੱਕ ਵਿਅਕਤੀ ਪੈਸਿਆਂ ਲਈ ਆਪਣਾ ਖ਼ੂਨ ਵੇਚਦਾ ਹੈ। ਇੱਕ ਦਿਨ ਉਹ ਇੱਕ ਅਜਿਹੇ ਵਿਅਕਤੀ ਨੂੰ ਖ਼ੂਨ ਦਿੰਦਾ ਹੈ ਜਿਸ ਦੀ ਪਤਨੀ ਦਾ ਐਕਸੀਡੈਂਟ ਹੋਇਆ ਹੁੰਦਾ ਹੈ। ਜਦੋਂ ਉਹ ਹਸਪਤਾਲ ਵਿੱਚ ਜ਼ਖ਼ਮੀ ਔਰਤ ਨੂੰ ਦੇਖਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਹ ਉਸ ਦਾ ਪੁਰਾਣਾ ਮਹਿਬੂਬ ਹੈ। ਉਸ ਦੇ ਮਨ ਵਿੱਚ ਦੱਬਿਆ ਪਿਆਰ ਮੁੜ ਜਾਗ ਪੈਂਦਾ ਹੈ। ਅੰਤ ਵਿੱਚ ਉਸ ਦੇ ਬੋਲ, "ਮੇਰੇ ਮਹਿਬੂਬ ਤੇਰੇ ਲਈ ਮਰਦੇ ਦਮ ਤੱਕ ਮੈਂ ਆਪਣੇ ਖ਼ੂਨ ਦਾ ਆਖਰੀ ਕਤਰਾ ਵੀ ਨਿਚੋੜ ਕੇ ਦੇ ਸਕਦਾਂ , ਕਹਾਣੀ ਨੂੰ ਭਾਵਨਾਤਮਿਕ ਸਿਖਰ 'ਤੇ ਪਹੁੰਚਾ ਦਿੰਦੇ ਹਨ।

ਇਸ ਕਹਾਣੀ ਵਿੱਚ ਖ਼ੂਨ ਇੱਕੋ ਸਮੇਂ ਜੀਵਨ, ਤਿਆਗ, ਆਰਥਿਕ ਮਜਬੂਰੀ ਅਤੇ ਪਿਆਰ ਦਾ ਪ੍ਰਤੀਕ ਬਣਦਾ ਹੈ। ਇਹ ਸੰਗ੍ਰਹਿ ਦੇ ਸਿਰਲੇਖ ਨਾਲ ਵੀ ਅਰਥਪੂਰਨ ਸਬੰਧ ਸਥਾਪਿਤ ਕਰਦੀ ਹੈ ਕਿਉਂਕਿ ਮਨੁੱਖੀ ਭਾਵਨਾਵਾਂ ਅਤੇ ਤਜਰਬਿਆਂ ਦੀ ਘਾੜਤ ਹੀ ਜੀਵਨ ਨੂੰ ਨਵਾਂ ਅਰਥ ਦਿੰਦੀ ਹੈ।

ਸਮੁੱਚਾ ਮੁਲਾਂਕਣ

ਸਮੁੱਚੇ ਤੌਰ 'ਤੇ 'ਤਰਾਸ਼ੇ ਪੱਥਰ' ਡਾ. ਗੁਰਵਿੰਦਰ ਅਮਨ ਦੀ ਮਾਨਵੀ ਸੰਵੇਦਨਾ, ਸਮਾਜਿਕ ਚੇਤਨਾ ਅਤੇ ਮਿੰਨੀ ਕਹਾਣੀ ਪ੍ਰਤੀ ਵਿਧਾਗਤ ਸਮਝ ਦਾ ਪ੍ਰਗਟਾਵਾ ਕਰਦਾ ਹੈ। ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਗਰੀਬੀ, ਬੇਰੁਜ਼ਗਾਰੀ, ਧਾਰਮਿਕ ਪਾਖੰਡ, ਜਾਤੀਗਤ ਵਿਤਕਰਾ, ਔਰਤ ਦੀ ਸਥਿਤੀ, ਭ੍ਰਿਸ਼ਟਾਚਾਰ, ਘਰੇਲੂ ਹਿੰਸਾ, ਬਾਲ ਮਨੋਵਿਗਿਆਨ